੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੧੦ ਜਿਲਦ ੩੧ ੨੮ ਜਨਵਰੀ - ੩ ਫਰਵਰੀ ੨੦੨੧, ੧੫-੨੧ ਮਾਘ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 10 Volume 31, 28 January - 3 February, 2021
Yearly Subscription India 250/-, Abroad 2500/- and Life Membership India 2500/-, Abroad 25000/-

## ਭਾਈਚਾਰਕ ਬਲ

❖ ਭਾਈ ਸਾਹਿਬ ਭਾਈ ਵੀਰ ਸਿੰਘ

**ਸੁਗੰਧੀ** ਰੈਹਤ ਫੁੱਲ ਦਾ ਸੰਸਾਰ ਵਿਚ ਮਾਣ ਹੈ, ਕਿੰਤੂ ਜਿਸ ਕੌਮ ਨੇ ਆਪਣਾ ਭਾਈਚਾਰਕ ਬਲ ਨਸ਼ਟ ਕਰ ਲਿਆ ਹੈ ਉਸਦੀ ਦੁਨੀਆ ਵਿਚ ਕੋਈ ਇੱਜ਼ਤ ਨਹੀਂ। ਜਿੱਕੁਣ ਬਿਨਾਂ ਜਾਨ ਦੇ ਜਿਸਮ ਨੂੰ ਜਿੰਨੀ ਛੇਤੀ ਦਬਾ ਜਾਂ ਜਲਾ ਦਿੱਤਾ ਜਾਏ ਇੰਨਾ ਹੀ ਸੰਸਾਰ ਦਾ ਭਲਾ ਹੈ, ਇੱਕੁਣ ਹੀ ਆਖਦੇ ਹਨ ਕਿ ਭਾਈਚਾਰਕ ਬਲ ਗਵਾ ਚੁੱਕੀ ਜਾਤੀ ਜਿੰਨੀ ਛੇਤੀ ਸੰਸਾਰ ਤੋਂ ਮਿਟ ਜਾਏ ਤੇ ਲੋਕਾਂ ਦੀ ਸਿਮ੍ਰਤੀ ਵਿਚੋਂ ਜਾਂਦੀ ਰਹੇ, ਇੰਨਾਂ ਹੀ ਉਸ ਜਾਤੀ ਤੇ ਸੰਸਾਰ ਦਾ ਭਲਾ ਹੈ, ਕਿਉਂਕਿ ਅਲੋਪ ਹੋ ਜਾਣ ਨਾਲ ਉਹ ਘ੍ਰਿਣਾਂ ਭਰੇ ਜੀਵਨ ਤੋਂ ਤੇ ਸੰਸਾਰ ਬੁਰੀ ਉਦਾਹਰਨ ਵੇਖਣ ਤੋਂ ਬਚ ਜਾਏਗਾ।

ਕੌਮ ਦਾ ਭਾਈਚਾਰਕ ਬਲ ਉਸਦੇ ਅੰਦਰ ਦੇ ਸੰਗਠਨ ਤੇ ਨਿਰਭਰ ਰੱਖਦਾ ਹੈ, ਹਰ ਕੌਮ ਵਿਚ ਕੁਝ ਸ੍ਰੇਣੀਆਂ ਹੁੰਦੀਆਂ ਹਨ, ਇਹਨਾਂ ਸ੍ਰੇਣੀਆਂ ਦੇ ਸਮੂਹ ਦਾ ਨਾਮ ਹੀ ਜਾਤੀ ਜਾਂ ਕੌਮ ਹੁੰਦਾ ਹੈ। ਇਹ ਸ੍ਰੇਣੀਆਂ ਆਪਣੇ ਵਿਚ ਕਈ ਤਰ੍ਹਾਂ ਦੀ ਭਿੰਨਤਾ ਆ ਜਾਣ ਤੇ ਵੀ ਕਈ ਅਜੇਹੀਆਂ ਸਾਂਝੀਆਂ ਗਰਜ਼ਾਂ, ਮਿਲਵੇਂ ਮਨੋਰਥ ਤੇ ਬੁਨਿਆਦੀ ਅਸੂਲ ਰੱਖਦੀਆਂ ਹਨ ਜੋ ਉਸ ਜਾਤੀ ਦੀਆਂ ਸਾਰੀਆਂ ਸ੍ਰੇਣੀਆਂ ਨੂੰ ਇਕੋ ਮਾਲਾ ਦੇ ਮਣਕੇ ਹੋਣ ਵਾਂਗ ਇਕ ਜਗ੍ਹਾ ਤੇ ਇਕੱਠਾ ਕਰ ਦੇਂਦੇ ਹਨ, ਇਹਨਾਂ ਸਾਂਝੀਆਂ ਗਰਜ਼ਾਂ ਜਾਂ ਮਿਲਵੇਂ ਮਨੋਰਥਾਂ ਤੋਂ ਬੁਨਿਆਦੀ ਅਸੂਲਾਂ ਦੇ ਇਕ ਹੋਣ ਦੇ ਕਾਰਨ ਉਹ ਸ੍ਰੇਣੀਆਂ ਆਪਸ ਵਿਚ ਅੱਡ ਅੱਡ ਰੂਪ ਵਿਚ ਦਿਸਦੀਆਂ ਤੇ ਕੰਮ ਕਰਦੀਆਂ ਤੇ ਕਈ ਵੇਰ ਆਪਸ ਵਿਚ ਖਿਚਾ ਖਿੱਚੀ ਤਕ ਨੌਬਤ ਪੁੱਜ ਜਾਣ ਤੇ ਵੀ ਜਦ ਇਹ ਵੇਖਦੀਆਂ ਹਨ ਕਿ ਕਿਸੇ ਹੋਰ ਜਾਤੀ ਜਾਂ ਕਿਸੇ ਹੋਰ ਜਾਤੀ ਦੀ ਕਿਸੇ ਸ੍ਰੇਣੀ ਵੱਲੋਂ ਉਹਨਾਂ ਦੀ ਜਾਤੀ ਜਾਂ ਉਸ ਵਿਚ ਦੀ ਕਿਸੇ ਸ੍ਰੇਣੀ ਤੇ ਕਿਸੇ ਤਰ੍ਹਾਂ ਦਾ ਹਮਲਾ ਜਾਂ ਵਾਰ ਕੀਤਾ ਹੈ, ਤਦ ਉਹ ਝੱਟ ਆਪਸ ਦੀਆਂ ਰੰਜਸ਼ਾਂ ਭੁੱਲ ਆਪਸ ਦੇ ਵੇਰ ਵਿਸਾਰ ਇਕ ਹੋ ਮੁਕਾਬਲੇ ਤੇ ਜੁਟ ਜਾਂਦੀਆਂ ਹਨ ਤੇ ਹਰ ਸ੍ਰੇਣੀ ਉਸ ਸੰਕਟ ਨੂੰ ਆਪਣਾ ਸੰਕਟ ਸਮਝ ਤੇ ਸਾਰੀਆਂ ਸ੍ਰੇਣੀਆਂ ਦੀਆਂ ਵਯਕਤੀਆਂ ਉਸ ਬਿਪਤਾ ਨੂੰ ਆਪਣੀ ਬਿਪਤ ਜਾਣ ਪੂਰੇ ਬਲ ਨਾਲ ਕੌਮੀ ਆਨ ਤੇ ਸ਼ਾਨ ਕਾਇਮ ਰੱਖਣ ਲਈ ਤੱਤਪਰ ਹੋ ਜਾਂਦੀਆਂ ਹਨ,ਤੇ ਤਨ ਮਨ ਧਨ ਜਾਂ ਇਹਨਾਂ ਵਿੱਚੋਂ ਕਿਸੇ ਇਕ ਜਾਂ ਸਾਰੀਆਂ ਦੀ ਕੁਰਬਾਨੀ ਦੀ ਲੋੜ ਪੈਣ ਤੇ ਹੱਸ ਹੱਸ ਕਰਦੇ ਕੁਰਬਾਨ ਕਰ ਦੇਂਦੀਆਂ ਹਨ।

ਇਸ ਤਰ੍ਹਾਂ ਕਿਸੇ ਜਾਤੀ ਦੀਆਂ ਅੱਡ ਅੱਡ ਸੰਪ੍ਰਦਾਵਾਂ ਦਾ ਆਪਣੇ ਸਾਂਝੇ ਮਨੋਰਥਾਂ, ਬੁਨਿਯਾਦੀ ਅਸੂਲਾਂ ਤੇ ਇਕ ਦੂਜੇ ਦੇ ਸੁਖ ਦੁਖ ਵਿਚ ਸ਼ਰੀਕ ਹੋ ਜਾਣਾ ਸਮਾਜਕ ਬਲ ਅਖਵਾਂਦਾ ਹੈ ਤੇ ਇਹ ਭਾਈਚਾਰਕ ਬਲ ਜਿਸ ਕੌਮ ਜਾਂ ਦੇਸ ਵਿਚ ਜਿੰਨਾ ਜ਼ਿਆਦਾ ਹੁੰਦਾ ਹੈ ਓਹ ਕੌਮ ਤੇ ਦੇਸ ਉੱਨਾ ਹੀ ਸਰਫਰਾਜ਼ ਤੇ ਉੱਨੀ ਹੀ ਗੌਰਵਤਾ ਵਾਲੀ ਸਮਝੀ ਜਾਂਦੀ ਹੈ ਤੇ ਇਸਦੇ ਉਲਟ ਜਿਸ ਕੌਮ ਜਾਂ ਦੇਸ ਵਿਚ ਇਹ ਗੁਣ ਜਿੰਨਾਂ ਹੀ ਘੱਟ ਹੋਵੇ ਉਹ ਕੌਮ ਜਾਂ ਦੇਸ ਉੱਨੀਂ ਹੀ ਬਰਬਾਦੀ ਤੇ ਬੇਪਤੀ ਦਾ ਸ਼ਿਕਾਰ ਹੁੰਦਾ ਹੈ।

ਇੰਗਲਸਤਾਨ ਦੇ ਵਾਸੀਆਂ ਵਿਚ ਇਹ ਗੁਣ ਸਭ ਤੋਂ ਵਧਕੇ ਮੌਜੂਦ ਹੈ, ਓਥੇ ਈਸਾਈਆਂ ਦੇ ਪ੍ਰੋਟਸਟੰਟ ਤੇ ਰੋਮਨ ਕੈਥਲਕ ਦੋ ਪ੍ਰਸਿੱਧ ਫਿਰਕੇ ਹਨ। ਸ਼ਾਹੀ ਘਰਾਣੇ ਦਾ ਮਤ ਪ੍ਰੋਟਸਟੰਟ ਹੋਣ ਕਰਕੇ ਇਸ ਫਿਰਕੇ ਨੂੰ ਉਥੇ ਖ਼ਾਸ ਗੌਰਵਤਾ ਪ੍ਰਾਪਤ ਹੈ। ਇਹਨਾਂ ਦੋਹਾਂ ਫਿਰਕਿਆਂ ਦੀ ਆਪਸ ਵਿਚ ਖੂਬ ਛਿੜੀ ਤੇ ਲੱਗੀ ਰਹਿੰਦੀ ਹੈ, ਜੋ ਵੀ ਕਿ ਚੰਗੀ ਗੱਲ ਨਹੀਂ, ਪ੍ਰੰਤੂ ਜਦ ਕਿਸੇ ਹੋਰ ਮਤ ਵੱਲੋਂ ਰੋਮਨ ਕੈਥਲਕ ਤੇ ਵਾਰ ਹੋਵੇ ਤਦ ਝਟ ਸਭ ਇਕੱਠੇ ਹੋ ਜਾਂਦੇ ਹਨ। ਇਸੇ ਤਰ੍ਹਾਂ ਇੰਗਲਸਤਾਨ ਵਿਚ ਰਾਜਨੀਤਕ ਦਲ ਵੀ ਕਿੰਨੇ ਹੀ ਹਨ, ਜਿਨ੍ਹਾਂ ਦੇ ਅਖ਼ਬਾਰ ਤੇ ਪ੍ਰਤੀਨਿਧ ਆਪਸ ਵਿਚ ਸਦਾ ਹੀ ਲੈ ਦੇ ਕਰਦੇ ਰਹਿੰਦੇ ਹਨ, ਪ੍ਰੰਤੂ ਜਿਸ ਵੇਲੇ ਸਾਰੇ ਮੁਲਕ ਦੀ ਇੱਜ਼ਤ ਤੇ ਪਤ ਦਾ ਸਵਾਲ ਸਾਹਮਣੇ ਆ ਜਾਏ, ਤਦ ਸਾਰੇ ਦਲ ਆਪਣੇ ਫਰਕਾਂ ਨੂੰ ਭੁੱਲ ਇਕ ਝੰਡੇ ਹੇਠ ਇਕੱਠੇ ਹੋ ਇਕ ਆਸ਼ੇ ਤੇ ਇਕ ਮਨੋਰਥ ਨੂੰ ਜੋ ਸਭ ਦਾ ਸਾਂਝਾ ਹੁੰਦਾ ਹੈ ਹਾਸਲ ਕਰਨ ਲਈ ਹਰ ਦਲ ਆਪਣਾ ਸਾਰਾ ਜ਼ੋਰ ਲਗਾ ਦੇਂਦਾ ਹੈ।

### ਅੰਦਰ


- ਘੋੜਿਆਂ ਦੀਆਂ ਟਾਪਾਂ ਵਾਲੀ ਧਰਤੀ 3
- ਸੰਤ ਬਿਮਲਾ ਸਿੰਘ: ਭਾਈ ਸੋਮਾ 5
- Sikhs in Germany 7
- ਸੌ ਸਾਲ ਪਹਿਲਾਂ: ਗੁਰੂ ਕਾ ਬਾਗ... 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਅੰਗ੍ਰੇਜ਼ਾਂ ਦੇ ਇਹਨਾਂ ਦੋਹਾਂ ਫਿਰਕਿਆਂ ਤੇ ਇਹਨਾਂ ਦੇ ਰਾਜਨੀਤਕ ਦਲਾਂ ਦੇ ਇਸ ਤਰ੍ਹਾਂ ਇਕ ਹੋ ਜਾਣ ਦੇ ਸਮਾਜਿਕ ਬਲ ਦਾ ਵੀ ਚੋਖਾ ਅਸਰ ਹੈ ਕਿ ਬਰਤਾਨੀਆਂ ਦੇ ਰਾਜ ਵਿਚ ਕਦੇ ਸੂਰਜ ਨਹੀਂ ਡੁਬਦਾ ਤੇ ਈਸਾਈ ਮਤ ਸੰਸਾਰ ਦੀ ਹਰ ਗੁੱਠ ਵਿਚ ਅੱਪੜ ਰਿਹਾ ਤੇ ਕੌੜੀ ਵੇਲ ਵਾਂਗ ਵਧ ਰਿਹਾ ਹੈ।

ਇਸਲਾਮ ਦੇ ਵਿਚ ਅਨੇਕਾਂ ਫਿਰਕੇ ਹਨ ਤੇ ਇਹ ਫਿਰਕੇ ਆਪਸ ਵਿਚ ਇਕ ਦੂਜੇ ਨਾਲੋਂ ਜ਼ਿਮੀਂ ਅਸਮਾਨ ਜਿੰਨਾ ਫਰਕ ਰੱਖਦੇ ਹਨ। ਇਹਨਾਂ ਦੀ ਆਪਸ ਵਿਚ ਚਰਚਾ ਵੀ ਹੁੰਦੀ ਰਹਿੰਦੀ ਹੈ, ਕਿੰਤੂ ਇਹਨਾਂ ਵਿਚ ਇਹ ਗੁਣ ਮੌਜੂਦ ਹੈ ਕਿ ਭਾਵੇਂ ਕਿਸੇ ਫਿਰਕੇ ਦੇ ਮੁਸਲਮਾਨ ਨੂੰ ਸੁਖ ਦੁਖ ਆਣ ਬਣੇ, ਝੱਟ ਸਾਰੇ ਇਕੱਠ ਹੋ ਉਸਦੀ ਮਦਦ ਲਈ ਤੱਤਪਰ ਹੋ ਜਾਂਦੇ ਹਨ। ਇਹੋ ਹੀ ਕਾਰਨ ਹੈ ਕਿ ਮੁਸਲਮਾਨ ਕੌਮ ਇਸ ਦੇਸ ਵਿਚ ਹਿੰਦੂਆਂ ਦਾ ਪੰਜਵਾਂ ਹਿੱਸਾ ਹੁੰਦਿਆਂ ਵੀ ਇੰਨੀ ਸਮਰੱਥਾ ਤੇ ਤਾਕਤ ਰੱਖਦੀ ਹੈ ਕਿ ਗਵਾਂਢੀ ਕੌਮਾਂ ਨੂੰ ਹਰ ਮਾਮਲੇ ਵਿਚ ਇਨ੍ਹਾਂ ਦੀ ਦਿਲਜੋਈ ਤੇ ਵਕਤ ਦੇ ਹਾਕਮਾਂ ਨੂੰ ਇਹਨਾਂ ਦੀ ਪ੍ਰਸੰਨਤਾ ਦਾ ਖਿਆਲ ਰੱਖਣਾ ਪੈਂਦਾ ਹੈ।

ਸਿੱਖ ਧਰਮ ਦੀ ਬੁਨਿਯਾਦ ਪ੍ਰੇਮ ਤੇ ਨਿਆਇ ਉੱਤੇ ਸਤਿਗੁਰੂ ਨੇ ਰੱਖੀ ਹੈ। ਜਿਸ ਕੌਮ ਵਿਚ ਪ੍ਰੇਮ ਤੇ ਨਿਆਇ ਹੈ ਉਸਦੀਆਂ ਵਯਕਤੀਆਂ ਭਾਵੇਂ ਕਿੰਨੀਆਂ ਹੀ ਅੱਡ ਅੱਡ ਸ੍ਰੇਣੀਆਂ ਵਿਚ ਹੋਣ ਆਪਸ ਵਿਚ ਕਦੇ ਡਾਂਗ ਸੋਟਾ ਨਹੀਂ ਹੋ ਸਕਦੀਆਂ, ਘ੍ਰਿਣਾਂ ਤੇ ਅਨਿਆਇ ਤੋਂ ਉਹਨਾਂ ਦਾ ਹਿਰਦੇ ਸ਼ੁਧ ਹੋਣ ਕਰਕੇ ਸਦਾ ਹੀ ਆਪਸ ਵਿਚ ਇੱਕ-ਮਿੱਕ ਹੋ ਕੇ ਰਹਿੰਦੀਆਂ ਹਨ।

ਫਿਰ ਸਿੱਖ ਧਰਮ ਵਿਚ ਜਾਤ ਪਾਤ ਕਰਕੇ ਕੋਈ ਛੋਟਾ ਵੱਡਾ ਨਹੀਂ, ਜਿਸਨੇ ਵੀ ਸ੍ਰੀ ਗੁਰੂ ਕਲਗੀਧਰ ਜੀ ਦਾ ਅੰਮ੍ਰਿਤ ਛਕ ਲਿਆ ਹੈ ਉਹ ਹੀ ਖਾਲਸਾ ਹੈ, ਉਸਨੂੰ ਉਹ ਸਾਰੇ ਹੱਕ ਪ੍ਰਾਪਤ ਹਨ ਜੋ ਕਿ ਕਿਸੇ ਹੋਰ ਜਾਤੀ ਵਿੱਚੋਂ ਸਜੇ ਸਿੰਘ ਨੂੰ ਹੋ ਸਕਦੇ ਹਨ। ਵਾਹਿਗੁਰੂ ਦੀ ਪ੍ਰਾਪਤੀ ਲਈ ਉਸਦੇ ਵਾਸਤੇ ਅਜੇਹੇ ਹੀ ਰਸਤੇ ਖੁੱਲ੍ਹੇ ਹਨ ਜਹੇ ਕਿ ਕਿਸੇ ਹੋਰ ਜਾਤੀ ਵਿੱਚੋਂ ਸਜੇ ਸਿੰਘ ਲਈ ਖੁੱਲ੍ਹੇ ਹਨ। ਜਦ ਸਿੱਖੀ ਵਿਚ ਜਾਤ ਪਾਤ ਨਾ ਹੋਣ ਕਰਕੇ ਕੋਈ ਵੱਡਾ ਛੋਟਾ ਨਹੀਂ ਬਲਕੇ ਸਭ ਅੰਮ੍ਰਿਤ ਛਕ ਲੈਣ ਦੇ ਵੇਲੇ ਤੋਂ ਸ੍ਰੀ ਗੁਰੂ ਕਲਗੀਧਰ ਨੂੰ ਪਿਤਾ ਤੇ ਮਾਤਾ ਸਾਹਿਬ ਦੇਵਾਂ ਨੂੰ ਆਪਦੀ ਮਾਤਾ ਸਮਝਦੇ ਹਨ ਤੇ ਇਸ ਕਾਰਨ ਆਪਸ ਵਿਚ ਭਾਈ ਭਾਈ ਹਨ, ਤਦ ਉਹਨਾਂ ਦੇ ਵਿਚ ਤਫਰੀਕ ਆ ਹੀ ਕਿੱਕੁਣ ਸਕਦੀ ਹੈ? ਇਹੋ ਹੀ ਕਾਰਨ ਹੈ ਕਿ ਸਿੱਖ ਆਪਣੇ ਸਮਾਜਕ ਬਲ ਦੇ ਕਾਰਨ ਸੰਸਾਰ ਵਿਚ ਇਕ ਆਦਰਸ਼ ਦੀ ਚੀਜ਼ ਸਮਝੇ ਜਾਂਦੇ ਰਹੇ ਹਨ।

ਪ੍ਰੰਤੂ ਇਹ ਗੱਲ ਸ਼ੋਕ ਨਾਲ ਮੰਨਣੀ ਪੈਂਦੀ ਹੈ ਕਿ ਸਿੱਖਾਂ ਵਿਚ ਅੱਜ ਉਹ ਭਾਈਚਾਰਕ ਬਲ ਨਹੀਂ ਰਿਹਾ ਜੋ ਕਦੇ ਸੀ। ਇਸਦਾ ਕਾਰਨ ਏਹ ਹੈ ਕਿ ਹਿੰਦੂਆਂ ਦੀ ਸੰਗਤ ਤੋਂ ਸਾਡੇ ਵਿਚ ਜ਼ਾਤ-ਪਾਤ ਤੇ ਛੂਤ ਅਛੂਤ ਦੇ ਖ਼ਿਆਲ ਆ ਗਏ ਹਨ, ਅਸੀਂ ਆਪਣੇ ਵਿਚ ਦੀਆਂ ਕਈ ਜਾਤੀਆਂ ਵਿੱਚੋਂ ਆਏ ਸਿੰਘਾਂ ਨੂੰ ਉਹਨਾਂ ਦੇ ਕਿਸੇ ਆਹਾਰ ਵਿਚਾਰ ਦੇ ਬੁਰੇ ਹੋਣ ਤੋਂ ਨਹੀਂ ਬਲਕੇ ਕਿਸੇ ਖ਼ਾਸ ਜਾਤੀ ਵਿਚ ਉਤਪੰਨ ਹੋਣ ਦੇ ਕਾਰਨ (ਜਿਸਨੂੰ ਕਿ ਹਿੰਦੂ ਅਛੂਤ ਸਮਝਦੇ ਸਨ) ਅਛੂਤ ਮੰਨਣ ਲੱਗ ਪਏ ਹਾਂ।

ਗੌਰ ਕਰੋ ਜਿਸ ਕੌਮ ਦੀ ਇਕ ਸ੍ਰੇਣੀ ਦੂਜੀ ਸ੍ਰਣੀ ਦੇ ਨਾਲ ਇਕ ਫਰਸ਼ ਤੇ ਬੈਠਣ ਨੂੰ ਤਿਆਰ ਨਹੀਂ, ਜਿਸ ਕੌਮ ਦੀ ਇਕ ਸ੍ਰੇਣੀ ਦੂਜੀ ਸ੍ਰੇਣੀ ਦੇ ਮਨੁੱਖਾਂ ਦੇ ਹੱਥ ਨਾਲ ਹੱਥ ਮਿਲਾਣ ਵਿਚ ਆਪਦੀ ਤੌਹੀਨ ਸਮਝਦੀ ਹੈ, ਜਿਸ ਕੌਮ ਦੀ ਇਕ ਜਾਤੀ ਦੂਜੀ ਜਾਤੀ ਦੇ ਆਦਮੀ ਦਾ ਪ੍ਰਛਾਵਾਂ ਪੈ ਜਾਣ ਨਾਲ ਅਪਵਿੱਤ੍ਰ ਹੋ ਜਾਣਾ ਖਿਆਲ ਕਰ ਲੈਂਦੀ ਹੈ, ਜਿਸ ਕੌਮ ਦੀ ਇਕ ਨਸਲ ਦੂਜੀ ਨਸਲ ਦੇ ਆਦਮੀਆਂ ਨੂੰ ਅਪਨੇ ਮੰਦਰ ਵਿਚ ਫਟਕਣ ਨਹੀਂ ਦੇਂਦੀ, ਜਿਸ ਕੌਮ ਦੀ ਇਕ ਸ੍ਰੇਣੀ ਦੂਜੀ ਸ੍ਰੇਣੀ ਦੇ ਆਦਮੀਆਂ ਦੇ ਦਰਸ਼ਨ ਮਾਤ੍ਰ ਤੋਂ ਆਪਣੇ ਆਪ ਦੇ ਪਾਪੀ ਹੋ ਜਾਣ ਦਾ ਗੁਮਾਨ ਕਰ ਲੈਂਦੀ ਹੈ, ਜਿਸ ਕੌਮ ਦੇ ਵਿਚ ਅੱਠ ਅੱਠ, ਦਸ ਦਸ ਪੁਸ਼ਤਾਂ ਵਿਚ ਪਿੱਛੇ ਕਿਸੇ ਹੋ ਗੁਜ਼ਰੇ ਦੇ ਕੀਤੇ ਪਾਪ ਦੇ ਕਾਰਨ ਕਈ ਸੌ ਵਰ੍ਹਾ ਪਿੱਛੋਂ ਹੋਣ ਵਾਲੀ ਉਹਨਾਂ ਦੀ ਸੰਤਾਨ ਨੂੰ ਅਛੂਤ ਕਰਾਰ ਦੇਂਦੀ ਹੈ, ਹਾਂ ਖਾਲਸਾ ਜੀ ਨੂੰ ਜਿਸ ਕੌਮ ਦੇ ਵਿਚ ਉਸਦੀਆਂ ਸ੍ਰੇਣੀਆਂ ਦੇ ਸੈਂਕੜੇ, ਹਜ਼ਾਰਾਂ ਨਹੀਂ ਲੱਖਾਂ ਦੀ ਗਿਣਤੀ ਦੇ ਆਦਮੀਆਂ ਲਈ ਤ੍ਰੱਕੀ ਕਰਨ, ਉੱਨਤ ਹੋਣ ਦੇ ਰਸਤੇ ਬੰਦ ਕਰ ਦਿੱਤੇ ਜਾਣ ਤੇ ਉਹਨਾਂ ਦੇ ਕਰਮਾਂ ਦੇ ਸੁੱਛ ਤੇ ਆਪ ਵਿਚ ਔਗੁਣ ਹੀ ਔਗੁਣ ਹੁੰਦਿਆਂ ਵੀ ਉਹਨਾਂ ਨੂੰ ਪਤਤ ਤੇ ਆਪਣੇ ਆਪ ਨੂੰ ਪਾਵਨ ਸਮਝਿਆ ਜਾਂਦਾ ਹੋਵੇ, ਕੀ ਉਸ ਕੌਮ ਵਿਚ ਪ੍ਰੇਮ ਦੀ ਕੋਈ ਅੰਸ਼ ਜਾਂ ਨਿਆਇ ਪ੍ਰਾਇਣ ਹੋਣ ਦਾ ਕੋਈ ਚਿੰਨ੍ਹ ਹੋ ਸਕਦਾ ਹੈ? ਕਦੀ ਨਹੀਂ, ਜਿੱਥੇ ਪ੍ਰੇਮ ਨਹੀਂ; ਜਿੱਥੇ ਇਨਸਾਫ ਨਹੀਂ, ਉੱਥੇ ਭਾਈਚਾਰਕ ਬੱਲ ਕਿੱਥੇ? ਜਿਸ ਕੌਮ ਵਿਚ ਭਾਈਚਾਰਕ ਬਲ ਨਹੀਂ, ਜਿਸ ਕੌਮ ਵਿਚ ਆਪਣੀਆਂ ਸ੍ਰੇਣੀਆਂ ਦੇ ਇਕੱਠਾ ਕਰਨ ਦੀ ਸੱਤਜਾ ਨਹੀਂ, ਜਿਸ ਕੌਮ ਦੇ ਆਪਣੇ ਇਫਰਾਦ ਇਕ ਦੂਜੇ ਦੀ ਪ੍ਰਵਾਹ ਨਹੀਂ ਕਰਦੇ, ਓਸ ਕੌਮ ਦੀ ਦੁਨੀਆ ਇੱਜ਼ਤ ਕਿਉਂ ਕਰੇ?

## ਹੱਕ ਦੀ ਪਛਾਨ

ਸਭ ਕੋਈ ਹੱਕ ਪਛਾਣਦਾ-ਆਪਨਾ ਆਪਣਾ ਹੱਕ,
'ਪਰ ਦਾ ਹੱਕ' ਪਛਾਣਦਾ, ਵਿਰਲਾ ਬੰਦਾ ਹੱਕ।
ਇਸ ਅਨਸਯਾਣੂ ਰਵਸ਼ ਤੋਂ, ਦੁਨੀ ਸੁਹਾਵਾ ਬਾਗ,
ਬਨ ਦੁੱਖਾਂ ਦਾ ਬਣ ਗਿਆ, ਕਉੜਤਣ ਲਾ-ਹੱਕ।
ਫ਼ਰਜ਼ ਪਛਾਣੇ ਆਪਣਾ, ਆਪਣੇ ਹੱਕ ਦੇ ਨਾਲ,
ਅਪਣਾ ਫ਼ਰਜ਼ ਪਛਾਣਕੇ, ਫੇਰ ਪਛਾਣੇ ਹੱਕ।
ਧੱਕਾ ਧੋੜਾ ਨਾ ਕਰੋ, ਸਭ ਦਾ ਚਿਤਵੋ ਸੁੱਖ,
ਦੁੱਖ ਨ ਦੇਣਾ ਕਿਸੇ ਜੀਅ, ਕਰਨਾ ਨਾ 'ਨਾ-ਹੱਕ'।
'ਇਕ-ਤੁਲਨਾ' ਜਗ ਵਰਤਸੀ, ਜਿਸ ਦਾ ਸਿੱਟਾ ਸੁੱਖ,
ਸਭ ਦੇ ਹਿੱਸੇ ਆਵਸੀ, ਸਭ ਨੂੰ ਪਹੁੰਚੇ ਹੱਕ।

**- ਪਿਆਰ ਅੱਥਰੂ**

ਦੂਸਰਾ ਘਾਟਾ ਬਲ ਹਾਨੀ ਇਉਂ ਕਰ ਰਿਹਾ ਹੈ ਕਿ ਰਾਇ ਦੇ ਇਖਤਲਾਫ ਜਾਤੀ ਵੈਰ ਬਣ ਜਾਂਦੇ ਹਨ, ਇਸ ਵੈਰ ਦਾ ਸਵਾਦ ਕੌਮੀ ਲਾਭ ਤੋਂ ਪਜਾਰਾ ਲੱਗਦਾ ਹੈ। ਸੋ ਸਿੱਖਾਂ ਵਿਚ ਮੈਤ੍ਰੀ ਘਟ ਰਹੀ ਹੈ ਤੇ ਖਾਨਾ ਜੰਗੀ ਵਧ ਰਹੀ ਹੈ।

ਖਾਲਸਾ ਜੀ! ਜੇ ਸੰਸਾਰ ਵਿਚ ਉੱਨਤ ਹੋਣਾ ਚਾਹੁੰਦੇ ਹੋ, ਜੇ ਦੁਨੀਆ ਵਿਚ ਜੀਉਂਦੀ ਜਾਗਦੀ ਕੌਮ ਹੋ ਕੇ ਰੈਹਣਾ ਚਾਹੁੰਦੇ ਹੋ ਤਦ ਆਪਸ ਵਿਚ ਇਕ ਹੋ ਕੇ ਰੈਹਣ ਦਾ ਵੱਲ ਸਿੱਖੋ, ਆਪਸ ਵਿਚ ਪ੍ਰੇਮ ਵਧਾਓ, ਆਪਣੀ ਖਿੰਡਦੀ ਜਾ ਰਹੀ ਤਾਕਤ ਨੂੰ ਇਕੱਠੇ ਕਰਨ ਦੇ ਵਸੀਲੇ ਧਾਰਨ ਕਰੋ, ਘ੍ਰਿਣਾਂ, ਨਫ਼ਰਤ ਤੇ ਤਫਰਕਾ ਜੋ ਤਬਾਹੀ ਤੇ ਬਰਬਾਦੀ ਦੇ ਦੂਤ ਹਨ ਆਪਣੇ ਨੇੜੇ ਨਾ ਢੁੱਕਣ ਦਿਓ, ਨਿਆਇ ਪ੍ਰਾਇਣ ਬਣੋਂ, ਇਸ ਤਰ੍ਹਾਂ ਕਰਨ ਨਾਲ ਤੁਹਾਡੇ ਵਿਚ ਏਕਤਾ ਦੀ ਰੌ ਚੱਲੇਗੀ, ਏਕਤਾ ਦੀ ਰੌ ਚੱਲਣ ਨਾਲ ਆਪਸ ਵਿਚ ਹਮਦਰਦੀ ਵਧੇਗੀ ਤੇ ਹਮਦਰਦੀ ਵਧਣ ਨਾਲ ਭਾਈਚਾਰਕ ਬਲ ਪੈਦਾ ਹੋਵੇਗਾ, ਭਾਈਚਾਰਕ ਬਲ ਆਉਣ ਨਾਲ ਤੁਸੀਂ ਹਰ ਜਗ੍ਹਾ ਕਾਮਯਾਬ ਹੋਵੋਗੇ।

**– ਖਾਲਸਾ ਸਮਾਚਾਰ,** 27 ਜਨਵਰੀ, 1921

# ਘੋੜਿਆਂ ਦੀਆਂ ਟਾਪਾਂ ਵਾਲੀ ਧਰਤੀ

❖ ਵਰਿੰਦਰ ਸਿੰਘ ਵਾਲੀਆ

ਹਿੰਦੁਸਤਾਨ ਦੇ ਜਿਸ ਖਿੱਤੇ ਵਿਚ ਘੋੜਿਆਂ ਦੇ ਸੁੰਮਾਂ ਦੀਆਂ ਸਭ ਤੋਂ ਵੱਧ ਟਾਪਾਂ ਲੱਗੀਆਂ, ਉਹ ਪੰਜਾਬ ਹੈ। ਇਹ ਟਾਪਾਂ ਈਰਾਨੀਆਂ, ਦੁਰਾਨੀਆਂ ਤੇ ਯੂਨਾਨੀਆਂ ਤੋਂ ਇਲਾਵਾ ਅਣਗਿਣਤ ਵਿਦੇਸ਼ੀ ਹਮਲਾਵਰਾਂ ਦੇ ਘੋੜਿਆਂ ਦੀਆਂ ਸਨ।

ਮਨੁੱਖ ਨੇ ਭਾਵੇ ਹਜ਼ਾਰਾਂ ਸਾਲ ਪਹਿਲਾਂ ਘੋੜੇ 'ਤੇ ਕਾਠੀ ਪਾਉਣੀ ਸਿੱਖ ਲਈ ਸੀ ਪਰ ਹਿੰਦੁਸਤਾਨ ਵਿਚ ਇਸ ਦੀ ਅਸਵਾਰੀ ਬਹੁਤ ਪਿੱਛੋਂ ਸ਼ੁਰੂ ਹੋਈ। ਪ੍ਰਾਚੀਨ ਪੰਜਾਬ ਦੇ ਲੋਕ ਕੁਦਰਤ ਦੇ ਰੰਗ ਵਿਚ ਰੰਗੇ ਹੋਣ ਕਾਰਨ ਸ਼ਾਂਤੀ ਦੇ ਪੁਜਾਰੀ ਸਨ। ਵੇਦਾਂ ਦੇ ਰੂਪ ਵਿਚ ਵਿਸ਼ਵ ਅਧਿਆਤਮਕ ਸਾਹਿਤ ਦਾ ਪ੍ਰਥਮ ਮੰਗਲਾਚਰਨ ਇੱਥੋਂ ਦੇ ਭਰ ਵਗਦੇ ਦਰਿਆਵਾਂ ਦੇ ਕੰਢਿਆਂ 'ਤੇ ਬੈਠੇ ਰਿਸ਼ੀਆਂ-ਮੁਨੀਆਂ ਦੇ ਕੰਠ ਵਿਚੋਂ ਉਚਰਿਆ। ਮੋਹਿੰਜੋਦੜੋ, ਤਕਸ਼ਿਲਾ ਅਤੇ ਰੋਪੜ ਦੇ ਥੇਹਾਂ ਦੀ ਖੁਦਾਈ ਤੋਂ ਝਾਉਲਾ ਪੈਂਦਾ ਹੈ ਕਿ ਸ਼ਾਇਦ ਵਿਸ਼ਵ ਸਭਿਅਤਾ ਦੇ ਪੰਘੂੜੇ ਨੂੰ ਸਭ ਤੋਂ ਪਹਿਲਾਂ ਝੂਟਾ ਇੱਥੋਂ ਦੀ ਸਰ-ਜ਼ਮੀਨ 'ਚੋਂ ਹੀ ਮਿਲਿਆ ਹੋਵੇ। ਅਜਿਹੇ ਵਿਸਮਾਦੀ ਵਾਤਾਵਰਨ ਵਿਚ ਘੋੜਿਆਂ ਦੀ ਕਦੇ ਲੋੜ ਹੀ ਨਹੀਂ ਪਈ। ਜਦੋਂ ਵਿਦੇਸ਼ੀ ਹਮਲਾਵਰਾਂ ਨੇ ਇੱਧਰ ਮੂੰਹ ਕਰਨਾ ਸ਼ੁਰੂ ਕੀਤਾ ਤਾਂ ਇਹ ਪੰਜਾਬ ਦੀ ਧਰਤੀ ਸੀ, ਜਿੱਥੇ ਸਭ ਤੋਂ ਪਹਿਲਾਂ ਦਮਾਮੇ ਉੱਤੇ ਚੋਟ ਪਈ। ਸਿਕੰਦਰ ਨੇ ਭਾਰਤ ਉੱਤੇ 326 ਈਸਵੀ ਪੂਰਵ ਵਿਚ ਹਮਲਾ ਕੀਤਾ ਤਾਂ ਉਸ ਦੀ ਫ਼ੌਜ ਵਿਚ ਬਹੁਤੇ ਘੋੜ-ਸਵਾਰ ਹੀ ਸਨ। ਈਰਾਨੀਆਂ ਦੇ ਹਮਲੇ ਤੋਂ ਬਾਅਦ ਇਹ ਹਮਲਾ ਦੇਸ਼ ਦੇ ਇਤਿਹਾਸ ਦੀ ਮਹੱਤਵਪੂਰਨ ਘਟਨਾ ਹੈ। ਯੂਨਾਨ ਦੇ ਪੂਰਬੀ ਭਾਗ ਮਕਦੂਨੀਆ ਦੇ ਸ਼ਾਸਕ ਫ਼ਿਲਿਪ ਦਾ ਜੋਸ਼ੀਲਾ ਪੁੱਤਰ, ਸਿਕੰਦਰ (20) ਆਪਣੇ ਪਿਤਾ ਦੀ ਮੌਤ ਤੋਂ ਬਾਅਦ 336 ਈਸਵੀ ਪੂਰਵ ਵਿਚ ਸਿੰਘਾਸਨ 'ਤੇ ਬੈਠਿਆ ਤਾਂ ਉਸ ਨੇ ਸਾਰੇ ਵਿਸ਼ਵ ਨੂੰ ਜਿੱਤਣ ਦਾ ਸੁਪਨਾ ਲਿਆ ਸੀ। ਉਸ ਦੀ ਫ਼ੌਜ ਅੱਗੇ ਜੋ ਵੀ ਅੜਦਾ, ਉਹ ਝੜਦਾ ਗਿਆ। ਸਿਕੰਦਰ ਖ਼ੁਦ ਇਕ ਬਹਾਦਰ ਸੈਨਿਕ ਅਤੇ ਸਾਹਸੀ ਸੈਨਾਪਤੀ ਸੀ। ਉਸ ਦੇ ਜੋਸ਼ੀਲੇ ਭਾਸ਼ਣ ਸੈਨਿਕਾਂ ਵਿਚ ਅੱਗੇ ਵਧਣ ਅਤੇ ਮਰਨ-ਮਾਰਨ ਲਈ ਜੋਸ਼ ਭਰਦੇ ਰਹਿੰਦੇ। ਜੇਹਲਮ ਦੇ ਪਾਰ ਪੰਜਾਬ ਦਾ ਜਾਇਆ, ਪੋਰਸ ਵੱਡੀ ਸੈਨਾ ਲਈ ਖੜਾ ਸੀ। ਸਿਕੰਦਰ ਦੀਆਂ ਤੇਜ਼-ਤਰਾਰ ਅੱਖਾਂ ਪੋਰਸ ਦੀ ਸੈਨਿਕ ਸ਼ਕਤੀ ਨੂੰ ਭਾਂਪ ਗਈਆਂ। ਉਹ ਠਠੰਬਰਿਆ। ਫਿਰ ਘੁੱਪ ਹਨੇਰੇ ਤੇ ਮੀਂਹ-ਕਣੀ ਵਾਲੀ ਰਾਤ ਉਸ ਦੀ ਫ਼ੌਜ ਜੇਹਲਮ ਨੂੰ ਕਈ ਮੀਲ ਅੱਗੋਂ, ਤੰਗ ਰਸਤੇ ਥਾਣੀਂ ਲੰਘ ਕੇ ਪੋਰਸ ਦੀ ਫ਼ੌਜ 'ਤੇ 'ਅਚਿੰਤੇ ਬਾਜਾਂ' ਵਾਂਗ ਝਪਟ ਪਈ। ਅਜਿਹੇ ਹਮਲੇ ਲਈ ਪੋਰਸ ਬਿਲਕੁਲ ਤਿਆਰ ਨਹੀਂ ਸੀ। ਪੋਰਸ ਨੂੰ ਬੰਦੀ ਬਣਾਉਣ ਤੋਂ ਬਾਅਦ ਜਦੋਂ ਸਿਕੰਦਰ ਨੇ ਪੁੱਛਿਆ ਕਿ ਉਸ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ ਤਾਂ ਉਸ ਨੇ ਝੱਟ ਉਤਰ ਦਿੱਤਾ, "ਜਿਹੋ ਜਿਹਾ ਜਿੱਤਿਆ ਰਾਜਾ ਹਾਰੇ ਰਾਜੇ ਨਾਲ ਕਰਦਾ ਹੈ।" ਸਿਕੰਦਰ ਨੂੰ ਇਸ ਨੂੰ ਧਰਤੀ ਅਤੇ ਇੱਥੋਂ ਦੇ ਵਾਸੀਆਂ ਦੇ ਮਨੋਬਲ ਦਾ ਅਹਿਸਾਸ ਹੋਇਆ ਤਾਂ ਉਸ ਨੇ ਪੋਰਸ ਨੂੰ ਮਿੱਤਰਾਂ ਦੀ ਸ਼੍ਰੇਣੀ ਵਿਚ ਸ਼ਾਮਲ ਕਰ ਲਿਆ। ਸਿਕੰਦਰ ਦਾ ਭਾਰਤ ਦੇ ਰਾਜਿਆਂ ਨੂੰ ਹਰਾਉਣ ਦਾ ਮੁੱਢਲਾ ਕਾਰਨ ਉਸ ਦੀ ਪਰਪੱਕ ਰਣਨੀਤੀ ਸੀ। ਹਿੰਦੁਸਤਾਨ ਵਿਚ ਮੁੱਖ ਰੂਪ ਵਿਚ ਪਿਆਦੇ, ਹਾਥੀ ਅਤੇ ਰੱਥ ਸੈਨਾ ਨੂੰ ਮਹੱਤਵ ਦਿੱਤਾ ਜਾਂਦਾ ਸੀ ਜਦੋਂ ਕਿ ਸਿਕੰਦਰ ਦੀ ਸੈਨਾ ਵਿਚ ਫ਼ੁਰਤੀਲੇ ਘੋੜ-ਸਵਾਰ ਸਨ। ਮੀਂਹ ਕਣੀ ਤੋਂ ਬਾਅਦ ਚਿੱਕੜ ਨਾਲ ਭਰੀ ਜ਼ਮੀਨ ਉੱਤੇ ਰੱਥ ਚੱਲਣੇ ਮੁਸ਼ਕਿਲ ਸਨ ਤੇ ਧਨੁੱਸ਼ ਧਾਰੀਆਂ ਦੇ ਵੱਡੇ-ਵੱਡੇ ਧਨੁੱਸ਼ ਧਰਤੀ 'ਤੇ ਠੀਕ ਤਰ੍ਹਾਂ ਗੱਡਣੇ ਮੁਹਾਲ ਸਨ। ਸਿਕੰਦਰ ਦੇ ਸੈਨਿਕ ਤੇਜ਼-ਤਰਾਰ ਘੋੜਿਆਂ ਤੋਂ ਇਲਾਵਾ ਕਟਾਰਾਂ ਤੇ ਕੁਹਾੜੀਆਂ ਨਾਲ ਲੈਸ ਸਨ ਜਿਹਨਾਂ ਨਾਲ ਉਹ ਹਾਥੀਆਂ ਦੀਆਂ ਸੁੰਡਾਂ ਅਤੇ ਪੈਰਾਂ 'ਤੇ ਵਾਰ ਕਰਦੇ, ਜਿਸ ਤੋਂ ਬਾਅਦ ਉਹ (ਹਾਥੀ) ਆਪਣੀ ਹੀ ਸੈਨਾ ਨੂੰ ਕੁਚਲਣਾ ਸ਼ੁਰੂ ਕਰ ਦਿੰਦੇ ਸਨ। ਸਿਕੰਦਰ ਦੀ ਬੇਮੁਹਾਰ ਫ਼ੌਜ ਦੀ ਮੁਹਾਰ ਪੰਜਾਬੀਆਂ ਨੇ ਬਿਆਸ ਲਾਗੇ ਮੋੜ ਦਿੱਤੀ ਤੇ ਉਹ ਪਿਛਾਂਹ ਮੁੜ ਪਿਆ। ਆਪਣੇ ਦੇਸ਼ ਪਰਤਣ ਤੋਂ ਪਹਿਲਾਂ ਹੀ ਉਹ ਰਾਹ ਵਿਚ ਦਮ ਤੋੜ ਗਿਆ। ਉਦੋਂ ਤੱਕ ਪੰਜਾਬੀਆਂ ਨੇ ਢਾਈ ਫੱਟ ਲੜਾਈ ਦੇ ਦਾਅ-ਪੇਚ ਖ਼ੂਬ ਸਿੱਖ ਲਏ ਸਨ।

ਇਤਿਹਾਸ ਫਰੋਲੀਏ ਤਾਂ ਪਤਾ ਲਗਦਾ ਹੈ ਕਿ ਪੰਜਾਬ ਦੀ ਧਰਤੀ 'ਤੇ ਤੁਰਕ, ਸ਼ੱਕ, ਮੰਗੋਲ, ਹੂਨ, ਕੁਸ਼ਾਨ, ਮੁਗ਼ਲ ਅਤੇ ਸਭ ਤੋਂ ਬਾਅਦ ਅੰਗਰੇਜ਼ ਆਏ। ਪੰਜਾਬੀ ਸਭਿਆਚਾਰ ਦੇ ਨਕਸ਼ ਨੁਹਾਰ ਨੂੰ ਘੜਨ ਵਿਚ ਹੋਰਾਂ ਤੋਂ ਇਲਾਵਾ ਸਿੱਖ ਗੁਰੂਆਂ ਦੀ ਇਲਾਹੀ ਬਾਣੀ ਨੇ ਵੀ ਅਮੁੱਲਾ ਯੋਗਦਾਨ ਪਾਇਆ ਹੈ। ਪ੍ਰੋ. ਪੂਰਨ ਸਿੰਘ ਨੂੰ ਪੰਜਾਬ ਦੇ ਕਣ-ਕਣ ਵਿਚ ਗੁਰੂਆਂ ਦੀ ਨੁਹਾਰ ਦੇ ਦਰਸ਼ਨ ਹੁੰਦੇ ਹਨ:-

ਪੰਜਾਬ ਸਾਰਾ ਜਿਊਂਦਾ ਗੁਰੂ ਦੇ ਨਾਂ 'ਤੇ
... ... ... ...
ਇਸ ਧਰਤੀ ਵਿਚ ਕਲਗੀ ਵਾਲੇ ਦੇ
ਘੋੜੇ ਦੇ ਸੁੰਮਾਂ ਦੀ ਟਾਪ ਲੱਗੀ

ਉਹ ਪੰਜਾਬ ਵਿਚ ਜੰਮਣ ਨੂੰ ਅਮੁੱਲਾ ਵਰਤਾਰਾ ਸਮਝਦਾ ਸੀ ਜਿੱਥੇ ਕਲਗੀਆਂ ਵਾਲੇ ਦੇ ਤੀਰ 'ਤੇ ਸ਼ਬਦ ਚਮਕਦੇ ਹਨ। ਇੱਥੇ 'ਨਿਹਾਲੀ ਨਦਰ' ਦਾ ਇਹੋ ਪ੍ਰਕਾਸ਼ ਹੈ। ਸਪੱਸ਼ਟ ਹੈ ਕਿ ਕਲਗੀਆਂ ਵਾਲੇ ਦੇ ਘੋੜੇ ਦੀਆਂ ਸੁੰਮਾਂ ਦੀ ਟਾਪ ਲੱਗਣ ਤੋਂ ਬਾਅਦ ਵਿਦੇਸ਼ੀ ਹਮਲਿਆਂ ਨੂੰ ਨੱਕਾ ਲੱਗਣਾ ਸ਼ੁਰੂ ਹੋ ਗਿਆ। ਪਹਿਲੀ ਵਾਰੀ ਹਿੰਦੁਸਤਾਨ ਦਾ ਨਾਂ ਬਾਬੇ ਨਾਨਕ ਦੀ ਬਾਣੀ ਵਿਚ ਪੜ੍ਹਨ ਨੂੰ ਮਿਲਿਆ।

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥** (ਅੰਗ-360)

ਕਟਾਰ ਵਾਂਗ ਚੱਲ ਰਹੀ ਬਾਬੇ ਨਾਨਕ ਦੀ ਕਲਮ ਨੇ ਬਾਬਰ ਦੇ ਹਮਲੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਖੁਰਾਸਾਨ ਦੇਸ਼, ਈਰਾਨ ਦੇ ਪੂਰਬ ਅਤੇ ਅਫ਼ਗਾਨਿਸਤਾਨ ਦੇ ਪੱਛਮ ਵੱਲ ਸਮਝਿਆ ਜਾਂਦਾ ਹੈ। ਲੋਕਾਂ ਖ਼ਿਲਾਫ਼ ਜ਼ੁਲਮ ਦੇਖਣ ਤੋਂ ਬਾਅਦ ਬਾਬਾ ਅਕਾਲ ਪੁਰਖ ਨੂੰ ਨਿਹੋਰਾ ਮਾਰਦਾ ਹੈ:- **ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥** (ਅੰਗ ੩੬੦)

ਭਾਵ, ਸਿਰਜਣਹਾਰ ਆਪਣੇ ਆਪ ਉੱਤੇ ਇਲਜ਼ਾਮ ਨਹੀਂ ਲੈਂਦਾ ਅਤੇ ਉਸ ਨੇ ਮੁਗ਼ਲਾਂ ਨੂੰ ਮੌਤ ਦਾ ਫ਼ਰਿਸਤਾ ਬਣਾ ਕੇ ਘੱਲਿਆ ਹੈ। ਬਾਬਾ ਪੁੱਛਦਾ ਹੈ:- **ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥** (ਅੰਗ ੩੬੦)

ਇਲਾਹੀ ਜੋਤਾਂ ਕਦੇ ਨਹੀਂ ਬੁੱਝਦੀਆਂ। ਰਾਵੀ ਦੇ ਬਿਫਰੇ ਪਾਣੀ ਵਿਚ ਨਾਨਕ ਦੀ ਪੰਜਵੀਂ ਜੋਤ ਬੁਝੀ ਨਹੀਂ, ਸਗੋਂ ਬੂੰਦ-ਬੂੰਦ ਵਿਚ ਸਮਾ ਗਈ। ਇਹ ਪਾਣੀ ਵਾਸ਼ਪੀਕਰਨ ਤੋਂ ਬਾਅਦ ਸਾਰੇ ਅਕਾਸ਼-ਮੰਡਲ ਵਿਚ ਛਾ ਗਿਆ, ਜਿਹੜਾ ਰਹਿੰਦੀ ਦੁਨੀਆਂ ਤੱਕ ਲੋਕਾਈ 'ਤੇ ਰਹਿਮਤਾਂ ਦੀ ਛਹਿਬਰ ਲਾਉਂਦਾ ਰਹੇਗਾ। ਛੇਵੇਂ ਜ਼ਾਮੇ ਵਿਚ ਨਾਨਕ ਜੋਤ ਵਿਚ 'ਮੀਰੀ-ਪੀਰੀ' ਦਾ ਮਤ੍ਹਾਬੀ ਰੰਗ ਸ਼ਾਮਲ ਹੋ ਗਿਆ, ਅਕਾਲ-ਬੁੰਗੇ (ਅਕਾਲ ਤਖ਼ਤ) 'ਤੇ ਲੋਕ ਘੋੜਿਆਂ ਤੇ ਸ਼ਸਤਰਾਂ ਦੇ ਤੋਹਫ਼ੇ ਲੈ ਕੇ ਹਾਜ਼ਰ ਹੁੰਦੇ। ਇਹ ਲੋਹੇ ਨੂੰ ਲੋਹਾ ਕੁੱਟਣ ਵਾਲਾ ਵਰਤਾਰਾ ਸੀ, ਸੰਤ-ਸਿਪਾਹੀ ਵਾਲਾ। ਬਾਦਸ਼ਾਹੀ ਤਾਕਤ ਨੂੰ ਸੱਚੇ ਪਾਤਸ਼ਾਹ ਦੀ ਸਿੱਧੀ ਵੰਗਾਰ ਦਾ ਸਾਹਮਣਾ ਕਰਨਾ ਪਿਆ। ਕਲਗ਼ੀ ਕੋਈ ਹਾਰ-ਸ਼ਿੰਗਾਰ ਵਾਲੀ ਵਸਤੂ ਨਹੀਂ ਸੀ ਸਗੋਂ ਜ਼ੁਲਮ ਦਾ ਸਾਹਮਣਾ ਕਰਨ ਲਈ ਤਿਆਰ-ਬਰ-ਤਿਆਰ ਰਹਿਣ ਦਾ ਪ੍ਰਤੀਕ ਸੀ। ਦਸਤਾਰ 'ਤੇ ਕਲਗ਼ੀ ਸਜਾਉਣ ਖਾਤਰ ਸਰਬੰਸ ਵਾਰਨਾ ਪਿਆ। ਹੁਣ ਵਿਆਹ ਸਮੇਂ ਕਲਗ਼ੀ ਲਾਉਣੀ ਇਕ ਫ਼ੈਸ਼ਨ ਬਣ ਗਿਆ ਹੈ। ਦਸਤਾਰ (ਪਗੜੀ) ਪੰਜਾਬ ਦੀ ਆਨ ਤੇ ਸ਼ਾਨ ਹੈ। ਇਹ ਕਿਸੇ ਫ਼ਿਰਕੇ ਨਾਲ ਬੱਝੀ ਹੋਈ ਨਹੀਂ, ਸਗੋਂ ਹਿੰਦੁਸਤਾਨ ਦਾ ਹਰ ਤਬਕਾ ਦਸਤਾਰ ਸਜਾਉਂਦਾ ਆਇਆ ਹੈ। ਪਗੜੀ ਦਾ ਜ਼ਿਕਰ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਵੀ ਆਉਂਦਾ ਹੈ:-

**ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥** (ਅੰਗ- ੭੨੭)

ਔਰੰਗਜ਼ੇਬ ਦੀ ਹਕੂਮਤ ਵੇਲੇ ਜਦੋਂ ਬਾਕੀ ਹਿੰਦੁਸਤਾਨੀ ਆ-ਪਣੇ ਘਰਾਂ ਅੰਦਰ ਅਰਾਮ ਫ਼ਰਮਾਉਂਦੇ ਸਨ, ਉਦੋਂ ਪੰਜਾਬ ਦੇ ਸੂਰਬੀਰ ਯੋਧਿਆਂ ਦਾ ਰੈਣ-ਬਸੇਰਾ ਜੰਗਲ ਹੋਇਆ ਕਰਦਾ ਸੀ। ਉਹ ਘੋੜਿਆਂ ਦੀਆਂ ਕਾਠੀਆਂ 'ਤੇ ਸੌਂਦੇ ਤੇ ਭੁੱਜੇ ਛੋਲੇ ਜਾਂ ਰੁੱਖਾਂ ਦੇ ਪੱਤੇ ਖਾ ਕੇ ਗੁਜ਼ਾਰਾ ਕਰਦੇ ਸਨ। ਕੌਮ ਵੱਲੋਂ ਘੋੜਿਆਂ ਦੇ ਅਸਤਬਲ ਵਿਚ ਨਿਸ਼ਕਾਮ ਸੇਵਾ ਕਰਨ ਵਾਲਿਆਂ ਤੇ ਲਿੱਦਾਂ ਚੁੱਕਣ ਵਾਲਿਆਂ ਦੀ ਤਾਜਪੋਸ਼ੀ ਕਰਕੇ ਬਣਦਾ ਮਾਣ ਮਿਲਿਆ। ਵਿਆਹ-ਸ਼ਾਦੀ ਦੀਆਂ ਰਸਮਾਂ ਵੀ ਘੋੜੀ ਅਤੇ ਘੋੜਿਆਂ ਦੁਆਲੇ ਘੁੰਮਦੀਆਂ ਹਨ। ਚੌਥੇ ਨਾਨਕ, ਗੁਰੂ ਰਾਮਦਾਸ ਨੇ ਫ਼ਾਹਸ਼ ਗੀਤਾਂ ਦੀ ਕੁਰੀਤੀ ਨੂੰ ਦੂਰ ਕਰਨ ਲਈ ਵਡਹੰਸ ਰਾਗ ਵਿਚ 'ਘੋੜੀਆਂ' ਸਿਰਲੇਖ ਹੇਠ ਬਾਣੀ ਰਚੀ, ਜਿਸ ਵਿਚ ਲੋਕ-ਪ੍ਰਲੋਕ ਪ੍ਰਾਪਤੀ ਦਾ ਉਪਦੇਸ਼ ਹੈ:-

**ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ॥** (ਅੰਗ- ੫੭੬)

(ਭਾਵ, ਸ਼ਰੀਰ ਇਕ ਘੋੜੀ ਹੈ, ਜਿਸ ਰਾਹੀਂ ਪ੍ਰਾਣੀ ਰੱਬ ਨੂੰ ਪ੍ਰਾਪਤ ਕਰਦਾ ਹੈ।)


ਕਲਗ਼ੀ ਕੋਈ ਹਾਰ-ਸ਼ਿੰਗਾਰ ਵਾਲੀ ਵਸਤੂ ਨਹੀਂ ਸੀ ਸਗੋਂ ਜ਼ੁਲਮ ਦਾ ਸਾਹਮਣਾ ਕਰਨ ਲਈ ਤਿਆਰ-ਬਰ-ਤਿਆਰ ਰਹਿਣ ਦਾ ਪ੍ਰਤੀਕ ਸੀ। ਦਸਤਾਰ 'ਤੇ ਕਲਗ਼ੀ ਸਜਾਉਣ ਖਾਤਰ ਸਰਬੰਸ ਵਾਰਨਾ ਪਿਆ। ਹੁਣ ਵਿਆਹ ਸਮੇਂ ਕਲਗ਼ੀ ਲਾਉਣੀ ਇਕ ਫ਼ੈਸ਼ਨ ਬਣ ਗਿਆ ਹੈ। ਦਸਤਾਰ (ਪਗੜੀ) ਪੰਜਾਬ ਦੀ ਆਨ ਤੇ ਸ਼ਾਨ ਹੈ। ਇਹ ਕਿਸੇ ਫ਼ਿਰਕੇ ਨਾਲ ਬੱਝੀ ਹੋਈ ਨਹੀਂ, ਸਗੋਂ ਹਿੰਦੁਸਤਾਨ ਦਾ ਹਰ ਤਬਕਾ ਦਸਤਾਰ ਸਜਾਉਂਦਾ ਆਇਆ ਹੈ। ਪਗੜੀ ਦਾ ਜ਼ਿਕਰ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਵੀ ਆਉਂਦਾ ਹੈ:- **ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥**

ਪੰਜਾਬ ਰਾਠ ਦਿਲਾਂ ਤੇ ਨਰੋਈਆਂ ਦੇਹਾਂ ਵਾਲਿਆਂ ਦੀ ਜਨਮ-ਭੋਇੰ ਰਿਹਾ ਹੈ। ਘੋੜੇ 'ਤੇ ਚੜ੍ਹੇ ਸ਼ਮਲੇ ਵਾਲੇ ਪੰਜਾਬੀ ਦੀ ਤਾਬ ਝੱਲੀ ਨਹੀਂ ਸੀ ਜਾਂਦੀ। ਸੰਨ 1907 ਈ. ਦੀ ਕੌਮੀ ਲਹਿਰ ਦੀ ਉਪਜ, ਲਾਲਾ ਬਾਂਕੇ ਦਿਆਲ ਵਾਕਈ ਪੰਜਾਬ ਦਾ ਬਾਂਕਾ ਪੁੱਤਰ ਸੀ ਜਿਸ ਨੇ 'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ' ਗੀਤ ਲਿਖ ਕੇ ਅਜ਼ਾਦੀ ਦੇ ਪਰਵਾਨਿਆਂ ਵਿਚ ਨਵੀਂ ਰੂਹ ਫ਼ੂਕ ਦਿੱਤੀ ਸੀ। ਗੁੱਜਰਾਂਵਾਲਾ ਦਾ ਵਸਨੀਕ ਲਾਲਾ ਬਾਂਕੇ ਦਿਆਲ ਕੌਮੀ ਸੰਘਰਸ਼ ਵਿਚ ਕੁੱਦਣ ਵਾਲਾ ਪਹਿਲਾਂ ਪਟਵਾਰੀ ਦੀ ਨੌਕਰੀ ਕਰਦਾ ਸੀ। ਅੱਜ ਦੇਸ਼ ਦਾ ਅੰਨਦਾਤਾ (ਪੰਜਾਬ) ਡੂੰਘੇ ਰਸਾਤਲ ਵਿਚ ਗਰਕਦਾ ਜਾ ਰਿਹਾ ਹੈ। ਕਪਾਹ ਬੀਜਣ ਵਾਲੇ ਨੂੰ ਤਨ ਢਕਣ ਲਈ ਪੂਰੇ ਕੱਪੜੇ ਨਹੀਂ ਜੁੜਦੇ। ਮਾਲੀਆ ਨਾ ਤਾਰਨ ਕਰਕੇ ਉਹ ਕਰਜ਼ੇ ਹੇਠ ਆ ਰਿਹਾ ਹੈ। ਪੰਜਾਬੀਆਂ ਨੇ ਕਦੇ ਸੋਚਿਆ ਨਹੀਂ ਸੀ ਕਿ ਉਹ ਕੁਰਕੀਆਂ ਤੋਂ ਖ਼ੁਦਕੁਸ਼ੀਆਂ ਦੇ ਰਾਹ ਪੈਣਗੇ ਅਤੇ ਉਨ੍ਹਾਂ ਦੇ ਘਰ ਘੋੜੇ ਤੇ ਗਾਈਆਂ ਜਾਣ ਵਾਲੀਆਂ ਘੋੜੀਆਂ ਤੋਂ ਸੱਖਣੇ ਹੋ ਜਾਣਗੇ। ਜ਼ਮੀਨ ਉੱਤੇ ਅੰਗੂਠਾ ਲਾਉਣਾ ਜਾਂ ਗਹਿਣੇ ਖ਼ਰੀਦਣ ਲਈ ਜ਼ਮੀਨ ਗਹਿਣੇ (ਗਿਰਵੀ) ਰੱਖਣੀ ਇਕ ਅਜੀਬ ਵਰਤਾਰਾ ਬਣਦਾ ਜਾ ਰਿਹਾ ਹੈ। ਮਿੱਟੀ ਨਾਲ ਮਿੱਟੀ ਹੋ ਕੇ ਦਾਣਿਆਂ ਦੇ ਬੋਹਲ ਲਾਉਣ ਵਾਲਾ ਕਿਸਾਨ ਅੱਜ ਕੱਖੋਂ ਹੌਲਾ ਹੋ ਰਿਹਾ ਹੈ। ਉਸ ਨੂੰ ਹਾਲਾਤ ਦੀ ਦਲਦਲ 'ਚੋਂ ਬਾਹਰ ਕੱਢਣ ਲਈ ਸਿਆਸੀ ਯਾਤਰਾਵਾਂ ਕੱਢ ਕੇ ਵੋਟਾਂ ਵਟੋਰੀਆਂ ਜਾਣਗੀਆਂ। ਚੋਣਾਂ ਤੋਂ ਬਾਅਦ ਸਭ ਕੁਝ ਵਿਸਰ ਜਾਵੇਗਾ। ਕਿਸੇ ਵੇਲੇ ਮੌਤ ਨੂੰ ਮਖ਼ੌਲਾਂ ਕਰਨ ਵਾਲੇ ਪੰਜਾਬੀਆਂ ਦੇ ਹਾਲਾਤ ਲਿਖਣ ਵਾਲੀਆਂ ਕਲਮ-ਕਟਾਰਾਂ ਖੁੰਢੀਆਂ ਹੋਈਆਂ ਜਾਪਦੀਆਂ ਹਨ। ਪਰ ਉਸ ਦੀ ਦੁਰਦਸ਼ਾ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਲੋਹੇ ਦੀ ਤਖ਼ਤੀ 'ਤੇ ਲੋਹੇ ਦੀ ਕਲਮ ਲਗਾਤਾਰ ਚੱਲ ਰਹੀ ਹੈ। ਇਸ ਸਲੇਟ ਦਾ ਨਾਂ 'ਲੌਹੁਲਮਹਫ਼ੂਜ਼' ਹੈ। ਇਸਲਾਮ ਮੁਤਾਬਿਕ ਇਸ ਤਖ਼ਤੀ ਉੱਤੇ ਖ਼ੁਦਾ ਸਾਰੇ ਜੀਵਾਂ ਦੇ ਸ਼ੁੱਭ-ਅਸ਼ੁੱਭ ਕਰਮ ਲਗਾਤਾਰ ਲਿਖਦਾ ਰਹਿੰਦਾ ਹੈ ਜਿਹੜੀ ਉਸ ਕੋਲ ਸਦਾ ਮਹਿਫ਼ੂਜ਼ ਰਹਿੰਦੀ ਹੈ।

**- ਅਜੋਕੇ ਸਿੱਖ ਸਰੋਕਾਰ 'ਚੋਂ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਭਾਈ ਸੋਮਾ




**ਭਲਾ** ਚਾਰ ਟਕੇ ਨੂੰ ਦਜਾਨਦਾਰ ਮਜੂਰ ਕਿਥੋਂ ਲੱਭ ਸਕਦਾ ਸੀ। ਇਸ ਬਹਾਨੇ ਸੋਮਾ ਸਿੱਖ ਆਪਣੇ ਸਤਿਸੰਗ ਦੀ ਪਾਹ ਲੋਕਾਂ ਨੂੰ ਲਾਉਣ ਲਗ ਪਿਆ। ਆਮ ਲੋਕ ਉਸ ਨੂੰ ਹਰਿ ਜਸ ਕੀਹ ਸੁਨਾਉਣ ਉਸੇ ਨੂੰ ਹੀ ਸੁਣਾਉਣਾ ਪਵੇ। ਉਹ ਸਮਝੇ ਕਿ ਮੇਰੇ ਜਨਮ ਦਾ ਪ੍ਰਯੋਜਨ ਸਿਰੇ ਚੜ੍ਹਦਾ ਹੈ। ਮੈਨੂੰ ਮਜੂਰੀ ਕਰਦਿਆਂ ਬੀ ਹਰਿ ਗੁਣ ਗਾਉਣ ਦਾ ਸਮਾਂ ਲੱਭਦਾ ਹੈ ਤੇ ਜੋ ਮੈਨੂੰ ਸੁਣਦੇ ਹਨ ਉਨ੍ਹਾਂ ਦੀ ਮਾਇਕ ਨੀਂਦ ਖੁਲ੍ਹਦੀ ਹੈ ਤੇ ਅੱਗਾ ਸੌਰਦਾ ਹੈ। ਚਾਰ ਟਕੇ ਲਿਆ ਕੇ ਆਟਾ ਖਰੀਦੇ, ਰੋਟੀ ਪਕਾਵੇ ਤੇ ਉਹ ਬੀ ਵੰਡ ਕੇ ਛਕੇ। ਇਕ ਦਿਨ ਕਿਸੇ ਰਾਜੇ ਦੇ ਵਗਾਰੀ ਮਜੂਰਾਂ ਵਿਚ ਉਸ ਨੂੰ ਮੱਲੋ ਮੱਲੀ ਫੜ ਕੇ ਲੈ ਗਏ, ਜਾਂ ਟਿਕਾਣੇ ਪੁੱਜੇ, ਮਜੂਰੀ ਮਿਲੀ ਤਾਂ ਉਸ ਨੇ ਚਾਰ ਟਕੇ ਲੈ ਲੀਤੇ ਤੇ ਬਾਕੀ ਮੋੜ ਦਿਤੇ। ਵਗਾਰ ਪਾਉਣ ਵਾਲੇ ਉਮਰਾ ਨੇ ਕਿਹਾ ਕਿਉਂ ਭਾਈ ਗੁੱਸੇ ਹੈਂ, ਹੋਰ ਪੈਸੇ ਚਾਹੀਦੇ ਹੈਨੀ? ਤਾਂ ਉਸ ਨੇ ਕਿਹਾ ਮੇਰਾ ਨੇਮ ਹੈ ਮੈਂ ਇਸ ਤੋਂ ਵੱਧ ਮਜੂਰੀ ਨਹੀਂ ਲਿਆ ਕਰਦਾ, ਮੈਨੂੰ ਵੱਧ ਦੀ ਲੋੜ ਨਹੀਂ, ਚਾਹੇ ਮੈਂ ਚਾਰ ਘੜੀ ਮਜੂਰੀ ਕਰਾਂ ਚਾਹੇ ਚਾਰ ਪਹਰ। ਪਰ ਮੇਰੀ ਇਹ ਸ਼ਰਤ ਹੁੰਦੀ ਹੈ ਕਿ ਮੈਥੋਂ ਕੰਮ ਲੈਣ ਵਾਲਾ ਇਕ ਘੜੀ ਪਰਮੇਸ਼ਰ ਦਾ ਜਸ ਜਾਂ ਸੁਨਾਵੇਂ ਮੈਨੂੰ ਜਾਂ ਸੁਣੇ ਮੈਥੋਂ। ਸੋ ਅਜ ਇਹ ਗੱਲ ਨਹੀਂ ਪੁੱਗੀ, ਕਿਉਂ ਜੋ ਆਪ ਨੇ ਮਜੂਰ ਤੋਂ ਮਜੂਰੀ ਦਾ ਕੰਮ ਨਹੀਂ ਲਿਆ ਵਗਾਰ ਪਾਈ ਹੈ, ਜੋ ਡਾਢੇ ਦੀ ਕਾਰ ਹੈ, ਤੇ ਜਿਸ ਅਗੇ ਹੁਤ ਨਹੀਂ। ਪਰਮੇਸ਼ੁਰ ਤੇਰਾ ਭਲਾ ਕਰੇ। ਉਮਰਾਉ ਸੁਣ ਕੇ ਹੈਰਾਨ ਰਹਿ ਗਿਆ। ਆਖਣ ਲਗਾ, ਤੂੰ ਤਾਂ ਕੋਈ ਖ਼ੁਦਾ ਦਾ ਫਕੀਰ ਹੈਂ, ਮੇਰੀ ਖਤਾ ਮਾਫ਼ ਕਰ, ਮੇਰੇ ਜਮਾਂਦਾਰ ਨੇ ਭੁੱਲ ਕੀਤੀ ਕਿ ਤੇਰੇ ਜੈਸੇ ਨੇਕ ਬੰਦੇ ਨੂੰ ਵਗਾਰ ਪਾਈ। ਸੋਮੇ ਕਿਹਾ: ਭਾਈ ਮੈਂ ਤਾਂ ਮਜੂਰੀ ਕਰਨੀ ਸੀ ਚਾਹੇ ਵਗਾਰ ਦੀ ਚਾਹੇ ਖੁਸ਼ੀ ਦੀ ਸੋ ਹੋ ਗਈ, ਇਸ ਦਾ ਰੋਸ ਨਹੀਂ, ਪਰ ਸਤਿਸੰਗ ਦੀ ਘੜੀ ਨਹੀਂ ਲੱਭੀ। ਜੇ ਤੈਨੂੰ ਮੇਰੀ ਫਕੀਰੀ ਤੇ ਤਰਸ ਆਇਆ ਹੈ ਤੇ ਮੇਰੀ ਵਗਾਰ ਖਤਾ ਸਮਝੀ ਹਈ ਤਾਂ ਮੈਂ ਖਤਾ ਮਾਫ ਕੀਤੀ ਪਰ ਤਾਂ ਜੇ ਇਕ ਘੜੀ ਮੇਰੇ ਨਾਲ ਸਤਿਸੰਗ ਕਰ ਲਵੇਂ ਤਾਂ।

ਇਹ ਅਚਰਜ ਕਿਸਮ ਦੀ ਮੰਗ ਵੇਖਕੇ ਅਮੀਰ ਹੈਰਾਨ ਹੋਇਆ, ਤੇ ਆਖਣ ਲੱਗਾ: ਅੱਛਾ ਸਾਂਈਂ ਲੋਕ ਨਾਲੇ ਦੋ ਦੋ ਨਾਲੇ ਚੋਪੜੀਆਂ, ਕਰ ਮਿਹਰ ਤੇ ਸੁਣਾ ਅੱਲਾ ਤਆਲਾ ਦੀ ਕੋਈ ਗਲ ਬਾਤ; ਚਾਹੇ ਗੁਨਹਗਾਰ ਹਾਂ ਪਰ ਅੱਲਾ ਤੇ ਯਕੀਨ ਤਾਂ ਹੈ ਹੀ ਨਾ। ਇਹ ਸੁਣਕੇ ਆਪ ਬੈਠ ਗਏ ਤੇ ਵਾਰਤਾਲਾਪ ਕੀਤੀ। ਜਿਸ ਦਾ ਫਲ ਇਹ ਹੋਇਆ ਕਿ ਅਮੀਰ ਦੇ ਦਿਲ ਤੇ ਨਾਮ ਦੀ ਮਹਿਮਾ ਬੈਠ ਗਈ ਤੇ ਉਹ ਲਗ ਪਿਆ ਰੱਬ ਦੀ ਪਿਆਰ ਭਰੀ ਯਾਦ ਵਿਚ। ਇਸ ਤਰ੍ਹਾਂ ਇਸ ਗੁਰ ਨਾਨਕ ਦੇਵ ਦੇ ਸਾਜੇ ਸਾਧੂ ਨੇ ਆਪਣੇ ਡੁਲ੍ਹਦੇ ਪਿਆਰ ਦੇ ਉਮਾਹ ਵਿਚ ਕਈ ਲੋਕ ਗ਼ਫਲਤ ਦੀ ਨੀਂਦ ਤੋਂ ਜਗਾਕੇ ਸਾਂਈਂ ਦੇ ਰਾਹ ਪਾਏ। ਅਨੇਕਾਂ ਦੇ ਐਬ ਛੁਡਵਾਏ।

ਇਕ ਵੇਰ ਇਨ੍ਹਾਂ ਦੇ ਨਗਰ ਉਹ ਆਦਮੀ ਆਯਾ ਜੋ ਉਥੋਂ ਦੀਆਂ ਭੋਆਂ ਦਾ ਮਾਮਲਾ ਕੱਠਾ ਕਰਕੇ ਸਰਕਾਰੇ ਪੁਚਾਯਾ ਕਰਦਾ ਸੀ। ਕੁਛ ਦਿਨ ਉਸ ਨੂੰ ਆਇਆਂ ਹੋਏ ਸਨ ਕਿ ਉਸ ਨੂੰ ਘਰੋਂ ਸੁਨੇਹਾ ਆਇਆ ਕਿ ਤੁਰੰਤ ਘਰ ਆਓ ਅਤਿ ਜ਼ਰੂਰੀ ਕੰਮ ਹੈ। ਘਰ ਓਥੋਂ ਚੌਦਾਂ ਪੰਦਰਾਂ ਕੋਹਾਂ ਤੇ ਹੈਸੀ ਇਸ ਲਈ ਬੁਚਕਾ ਚੁਕਾ ਕੇ ਨਾਲ ਲਿਜਾਣ ਦੀ ਲੋੜ ਸੀ ਆਦਮੀ ਦੀ, ਸੋ ਜ਼ਿਮੀਂਦਾਰਾਂ ਦੇ ਪੈਂਚ ਨੇ ਇਸ ਸਿੱਖ ਨੂੰ ਚਾਰ ਟਕੇ ਦੇਣੇ ਕਰਕੇ ਅਜਾਰੇਦਾਰ ਦੇ ਨਾਲ ਟੋਰਿਆ। ਰਾਹ ਵਿਚ ਸਿੱਖ ਨੇ ਕਿਹਾ: ਭਾਈ ਇਹ ਪਿਆ ਏ ਬੁਚਕਾ ਮੈਂ ਅੱਗੋਂ ਜਾਣੋਂ ਹੁਣ ਸੰਗਦਾ ਹਾਂ। ਅਜਾਰੇਦਾਰ ਨੇ ਕਿਹਾ ਨਾ ਭਾਈ ਤੂੰ ਮਜੂਰੀ ਹੋਰ ਲੈ ਲਈਂ ਤੇ ਤੁਰਿਆ ਚਲ। ਸਿਖ ਨੇ ਕਿਹਾ: ਭਾਈ ! ਹੋਰ ਟਕੇ ਦੀ ਲੋੜ ਨਹੀਂ, ਪਰ ਅਗੇ ਮੈਂ ਤਾਂ ਚਲਦਾ ਹਾਂ ਜੇ ਤੂੰ ਰਬ ਦੀਆਂ ਗੱਲਾਂ ਕਰਦਾ ਚੱਲੇ ਜਾਂ ਸੁਣਦਾ ਚਲੇਂ। ਮੈਥੋਂ ਭੁਲ ਹੋਈ ਕਿ ਟੁਰਨ ਵੇਲੇ ਇਹ ਗੱਲ ਖਰੀ ਨਹੀਂ ਕੀਤੀ ਤੇ ਹੁਣ ਮੇਰਾ ਜੀ ਕਾਹਲਾ ਪੈਂਦਾ ਹੈ ਕਿ ਮੈਂ ਆਪਣਾ ਨੇਮ ਕਿਉਂ ਭੰਗ ਕੀਤਾ। ਅਜਾਰੇਦਾਰ ਨੇ ਖੁਸ਼ੀ ਨਾਲ ਗਲ ਮੰਨ ਲਈ ਤਾਂ ਸਾਂਈਂ ਗੁਣ ਗਾਂਉਂਦੇ ਘਰ ਅੱਪੜੇ। ਸੋਮਾ ਜੀ ਰਾਤ ਓਥੇ ਉਸ ਦੇ ਘਰ ਹੀ ਰਹੇ, ਅਗਲੇ ਦਿਨ ਜਦ ਟੁਰਨ ਲੱਗੇ ਤਾਂ ਸੋਮੇ ਨੇ ਕਿਹਾ ਭਾਈ ਇਕ ਗੱਲ ਵੱਖ ਹੋ ਕੇ ਸੁਣ ਲੈ, ਦੱਸ ਤੇਰੀ ਆਰਬਲਾ ਕਿੰਨੀ ਹੈ? ਉਸ ਨੇ ਆਖਿਆ ਸਠਾਂ ਬਰਸਾਂ ਦੀ।

ਸੋਮੇਂ ਨੇ ਕਿਹਾ: ਸੁਣ ਰੱਬ ਤੋਂ ਘੁੱਸ ਰਹੇ ਬੰਦੇ! ਤੂੰ ਸੱਠ ਬਰਸ ਨੇਕੀ ਦੇ ਕੰਮ ਨਹੀ ਕੀਤੇ, ਦੱਸ ਤੇਰੇ ਮਾੜੇ ਕੀਤੇ ਹੋਏ ਕਿੰਵ ਵਿੜ ਝਿੜ ਹੋਣ, ਤੂੰ ਜੋਗ ਤਪ ਨਹੀਂ ਕੀਤੇ ਜੋ ਤੇਰੇ ਮਾੜੇ ਕਰਮ ਜੋਗ-ਅਗਨੀ ਨਾਲ ਦਗਧ ਹੋਣ, ਤੂੰ ਗਜਾਨ ਧਜਾਨ ਨਹੀਂ ਕੀਤੇ ਜੋ ਤੇਰੇ ਕਰਮਾਂ ਦੇ ਬੀਜਾਂ ਵਾਲੇ ਦਾਣੇ ਭੁੱਜ ਜਾਣ, ਤੂੰ ਰਬ ਜੀ ਨੂੰ ਪਜਾਰ ਨਹੀਂ ਕੀਤਾ, ਨਾਮ ਨਹੀਂ ਜਪਿਆ, ਸਿਫਤ ਸਲਾਹ ਨਹੀਂ ਕੀਤੀ ਜੋ ਤੂੰ ਲੇਖਿਆਂ ਹਿਸਾਬਾਂ ਵਿਚੋਂ ਉੱਚਾ ਉਠ ਜਾਂਦਾ। ਕਰਮ ਕਰੀਦਾ ਆਪ ਹੈ ਪਰ ਉਹ ਆਪਣੇ ਤੇ ਹੀ ਬਲੀ ਹੋ ਖੜੋਂਦਾ ਹੈ। ਦੇਖ ਕਰਮ ਕਰ ਕਰਕੇ ਸੁਭਾਵ ਬਣਾਈਦਾ ਹੈ, ਉਹ ਸੁਭਾਵ ਜਿੱਤਣਾ ਕਠਨ ਹੋ ਜਾਂਦਾ ਹੈ। ਇਸੇ ਤਰ੍ਹਾ ਕਰਮਾਂ ਵਿਚ ਵਾਸ਼ਨਾ ਦੇ ਬੀਜ ਹੁੰਦੇ ਹਨ ਜੋ ਫੇਰ ਫੇਰ ਉਗਦੇ ਹਨ, ਓਹ ਸਾੜਨੇ ਕਠਨ ਹੋ ਜਾਂਦੇ ਹਨ।

ਅਜਾਰੇਦਾਰ ਨੇ ਕਿਹਾ, ਸੋਝੀ ਨਹੀਂ ਪਈ, ਹੁਣ ਜਾਚ ਦੱਸੇਂ ਤਾਂ ਅਗੇ ਤੋਂ ਸ਼ੁਭ ਕਰਮ ਕਰਾਂ, ਰਬ ਤੇਰਾ ਭਲਾ ਕਰੇ। ਤਦ ਸਿੱਖ ਨੇ ਕਿਹਾ ਭਾਈ! ਹੁਣ ਤੂੰ ਕਿਹੜੇ ਵੇਲੇ ਕਰਮ ਕਰਨੇ ਹੈਨ, ਜੀਵਨ ਤਾਂ ਤੇਰਾ ਅਠ ਦਸ ਦਿਨ ਦਾ ਬਾਕੀ ਹੈ। 60 ਬਰਸ ਦੇ ਕਰਮਾਂ ਨਾਲ ਹਫ਼ਤੇ ਅਰਸੇ ਦੇ ਕਰਮ ਕੀਕਣ ਭਿੜੀਵਣਗੇ? ਇਹ ਸੁਣ ਕੇ ਉਸ ਦਾ ਰੰਗ ਪੀਲਾ ਹੋ ਗਿਆ ਤਾ ਸਿੱਖ ਬੋਲਿਆ: ਭਾਈ, ਜੀਵ ਆਪਣੇ ਜੀਵਨ ਵਿਚ ਇਕ ਗਲ ਜਾਣਦਾ ਤਾਂ ਹੈ ਪਰ ਗਉਲਦਾ ਨਹੀਂ; ਉਹ ਹੈ ਮੌਤ। ਜੇ ਹਰ ਕੋਈ ਮੌਤ ਨੂੰ ਬਰਹੱਕ ਨਾ ਜਾਣੇ ਤਾਂ ਹੁਣ ਨਾਲੋਂ ਵਧੀਕ ਮਾੜੇ ਕਰਮ ਕਰੇ। ਇਹ ਤਾਂ ਮੌਤ ਦਾ ਅਨਗਉਲਿਆ ਭੌ ਦੁਨੀਆਂ ਦੇ ਆਚਰਣ ਤੇ ਅਸਰ ਰਖਦਾ ਹੈ, ਪਰ ਜੇ ਕੋਈ ਗਉਲਕੇ ਮੌਤ ਨੂੰ ਤੱਕੇ ਤਾਂ ਉਸ ਦਾ ਜੀਵਨ ਅਸਲੀ ਰੰਗ ਵਿਚ ਆ ਜਾਂਦਾ ਹੈ। ਤੂੰ ਹੁਣ ਜੀਵਨ ਦਾ ਅਸਲੀ ਮੁੱਲ ਵੇਖ ਲਿਆ ਹੈ ਜੋ ਤੈਨੂੰ ਮੌਤ ਸਾਹਮਣੇ ਦਿੱਸ ਪਈ ਹੈ। ਹੁਣ ਹੀ ਕੁਛ ਉਪਰਾਲਾ ਕਰ ਲੈ। ਹੁਣ ਵੇਲਾ ਕਰਮ ਨਾਲ ਬੱਧੇ ਹੋਏ ਕਰਮ ਨਾਲ ਛੁੱਟਣੇ ਦਾ ਨਹੀਂ, ਨਿਰਾ ਕਰਮਾਂ ਨਾਲ ਛੁੱਟ ਸਕਣਾ ਉਂਝ

ਬੀ ਕਠਨ ਹੈ। ਨਾ ਹੁਣ ਤਪ ਹਠ ਜੋਗ ਦਾ ਸਮਾਂ ਹੈ। ਹੁਣ ਤਾਂ ਉਹ ਰਾਹ ਹੈ ਜੋ ਗੁਰੂ ਬਾਬੇ ਨਾਨਕ ਨੇ ਜਗਤ ਨੂੰ ਦਿੱਤਾ ਹੈ ਤੇ ਜਿਸ ਰਾਹੇ ਮੈਂ ਟੁਰ ਰਿਹਾ ਹਾਂ, ਸਭ ਤੋਂ ਸਰੇਸ਼ਟ ਹੈ ਹੀ ਉਹੋ ਰਾਹ। ਉਹ ਹੈ ਭਗਵੰਤ ਪਾਰਬ੍ਰਹਮ ਮਾਲਕ ਪਾਲਕ ਨੂੰ 'ਸਚ' ਸਮਝਣਾ ਤੇ ਉਸ ਦੇ ਨਾਮ ਦਾ ਆਰਾਧਨ ਕਰਨਾ ਤੇ ਉਸ ਵਲ ਮਨ ਜੋੜ ਪਿਆਰ ਦਾ ਰੁਖ ਬੰਨ੍ਹ ਬੰਨ੍ਹ ਯਾਦ ਕਰਨਾ। ਦੇਖ ਰਾਹ ਵਿਚ ਤੇ ਰਾਤ ਤੇਰੇ ਘਰ ਵਿਚ ਜੋ ਅਸਾਂ ਰਬ ਜੀ ਦੇ ਗੁਣ ਗਾਏ ਹਨ ਓਹ ਦਰ ਕਬੂਲ ਪੈਣੇ ਹਨ। ਪਰ ਉਹ ਮੈਂ ਜੋਰੀ ਜੋਰੀ ਤੇਰੇ ਸੁਆਸ ਸੁਫਲਾਏ ਹਨ। ਹੁਣ ਜੋ ਤੂੰ ਆਪਣੀ ਹੁੱਬ ਨਾਲ, ਰਬ ਦੇ ਭਉ ਤੇ ਭਾਉ ਨਾਲ ਉਸਦੇ ਗੁਣ ਗਾਉਣੇ ਹਨ ਤੇ ਪਿਆਰ ਨਾਲ ਯਾਦ ਕਰਨਾ ਹੈ ਏਹ ਤੇਰੇ ਆਤਮਾ ਨੂੰ ਉੱਚਾ ਲੈ ਜਾਣਗੇ, ਕਰਮ ਫਾਸ ਕਟੀਵੇਗੀ, ਮੇਰਾ ਗੁਰੂ ਤੇਰੀ ਸਹਾਇਤਾ ਕਰੇਗਾ। ਲਗ ਪਉ ਤੇ ਹੋਰ ਸੁਆਸ ਬਿਰਥਾ ਨਾ ਗੁਆਉ। ਤਾਂ ਅਜਾਰੇਦਾਰ ਰੋ ਪਿਆ, ਆਖਣ ਲੱਗਾ-ਵਿਜੋਗ ਪੈਦਾ ਹੁੰਦਾ ਸੀ ਮੋਹ ਮਾਇਆ ਦਾ ਕਿ ਕਿਵੇਂ ਇਹ ਬਣੀ ਰਹੇ ਤੇ ਵਧਦੀ ਰਹੇ, ਹੁਣ ਉਹ ਬੰਧਨ ਭਾਸਦੀ ਹੈ; ਕਿ ਕਿਸ ਜੀਵਨ ਪਿੱਛੇ ਛਲਵਲ ਕੀਤੇ, ਤੇ ਮਾਇਆ ਜੋੜੀ! ਪਰ ਹੇ ਆਪਣੇ ਗੁਰੂ ਦੇ ਪਿਆਰੇ ਸਿੱਖ ਸੱਤਾਂ ਅੱਠਾਂ ਦਿਨਾਂ ਦੇ ਮੇਰੇ ਸਾਂਈਂ ਸਿਮਰੇ ਨਾਲ ਕੀਹ ਬਣਸੀ, ਕਰਮ ਮੇਰੇ ਅਣਗਿਣਵੇਂ ਹਨ ਜੋ ਮਾੜੇ ਹਨ।

ਸਿੱਖ ਬੋਲਿਆ:- ਦੇਖ ਬਈ! ਤੂੰ ਵੱਡਾ ਹੈਂ ਕਿ ਬਖਸ਼ਣਹਾਰ?

ਅਜਾਰੇਦਾਰ- ਕਰਤਾਰ ਬਖਸ਼ਣਹਾਰ।

ਸਿੱਖ ਬੋਲਿਆ:-ਅਮਿਤ, ਅਨੰਤ, ਅਰ ਵਡਾ ਕਰਤਾਰ ਹੈ ਕਿ ਤੇਰੇ ਕਰਮ? ਤੂੰ 60 ਬਰਸ ਵਿਚ ਜੇ ਭਲਾ ਸੁਆਸ ਸੁਆਸ ਹੀ ਮਾੜੇ ਕੰਮ ਕੀਤੇ ਹੋਣ ਤਾਂ ਬੀ ਉਹ ਗਿਣਤੀ ਵਿਚ ਹੋਏ; ਭਾਵੇਂ ਬਹੁਤੇ ਬਣਨਗੇ ਪਰ ਅਣਗਿਣਤ ਨਹੀਂ ਹੋਣਗੇ। ਪਰ ਕਰਤਾਰ ਅਗਣਤ ਹੈ, ਉਸ ਦੀ ਮਿਹਰ ਅਗਣਤ ਹੈ। ਦੇਖ ਸਾਗਰ ਵਡਾ ਹੈ ਕਿ ਬੋਹਿਥਾ? ਤੂੰ ਆਪੇ ਕਹੇਂਗਾ ਕਿ ਸਾਗਰ। ਸੋਚ: ਰੱਬ ਸਾਗਰ ਹੈ, ਸਾਡੇ ਕਰਮਾਂ ਰੂਪੀ ਅਨੇਕ ਬੇੜੇ ਉਸ ਵਿਚ ਡੁਬ ਤਰ ਸਕਦੇ ਹਨ। ਇਹ ਗਲ ਤੂੰ ਕਿਉਂ ਨਹੀਂ ਸਮਝੀ, ਇਹ ਹੈ ਮੂਰਖਤਾ ਜਿਸ ਵਿਚ ਜਗਤ ਡੁਬਾ ਹੈ ਤੇ ਮੋਹ ਮਾਇਆ ਵਿਚ ਚਾਤੁਰ ਬਣਦਾ ਹੈ।

ਅਜਾਰੇਦਾਰ ਨੂੰ ਹੋਸ਼ ਆ ਗਈ, ਠੰਢਾ ਸਾਹ ਲੈ ਕੇ ਆਖਿਆ-ਸਚ ਕਿਹਾ ਨੇ ਪਰ ਡਰ ਲਗਦਾ ਹੈ ਕੀਤੀਆਂ ਤੋਂ।........ਕਾਸਨੂੰ ਕੀਤੇ ਜੇ ਰਹਿਣਾ ਨਹੀਂ ਸੀ ਸਦਾ।

ਸਿੱਖ- ਦੇਖ ਭਾਈ! ਇਹੋ ਭੁੱਲ ਹੈ ਜੋ ਸਭ ਨੂੰ ਵਿਆਪਦੀ ਹੈ। ਤੂੰ ਹੁਣ ਇਉਂ ਹਾਵਾ ਨਾ ਕਰ। ਹਾਵਾ ਕਰ ਅਰਦਾਸ ਰੂਪ ਵਿਚ, ਸਾਂਈਂ ਦੇ ਦਰ ਅਰਜ਼ੋਈਆਂ ਕਰ ਬਖਸ਼ੀਵਣ ਦੀਆਂ। ਗੁਣ ਗਾ ਬਖਸ਼ਨਹਾਰ ਦੇ: ਧੰਨ ਤੂੰ ਧੰਨ ਤੂੰ ਕਰਕੇ ਮਨ ਨੂੰ ਰੰਗ ਵਿਚ ਲਿਆ ਤੇ 'ਵਾਹਿਗੁਰੂ' ਕਹਿਕੇ ਉਸ ਦਾਤੇ ਨੂੰ ਸੁਆਸ ਸੁਆਸ ਸਿਮਰ ਤੇ ਧਜਾਨ ਉਸ ਵਲ ਲਾ, ਇਉਂ ਜਿਤਨੇ ਸੁਆਸ ਬਾਕੀ ਹੈਨ ਸਫਲਾ ਲੈ। ਕਰਮ ਮਾਰਗ ਵਾਲੇ ਹਿਸਾਬ ਇਉਂ ਕਰਦੇ ਹਨ ਕਿ ਤੇਰੇ ਕਰਮ ਗਿਣੇ ਜਾਣਗੇ ਜੋ ਸਾਰੇ ਮਾੜੇ ਹਨ; ਹੁਣ ਦੀਆਂ ਚੰਗੀਆਂ ਘੜੀਆਂ ਦੇ ਬਦਲੇ, ਜੋ ਸਤਿਸੰਗ ਦੀਆਂ ਹਨ, ਥੋੜਾ ਚਿਰ ਬੈਕੁੰਠ ਮਿਲੇਗਾ, ਮਾੜਿਆਂ ਕਰਮਾਂ ਬਦਲੇ ਢੇਰ ਚਿਰ ਦੁਖ ਮਿਲਣਗੇ। ਸੋ ਉਸ ਹਿਸਾਬ ਤੂੰ ਪਹਿਲੇ ਧਰਮ ਰਾਜ ਤੋਂ ਬੈਕੁੰਠ ਮੰਗੀਂ ਤਾਂ ਜੋ ਓਥੇ ਗਿਆ ਮੁੜ ਨਾ ਪਰਤੀਵੇਂ; ਓਥੇ ਧਰਮਰਾਜ ਦਾ ਜ਼ੋਰ ਨਹੀਂ ਚਲਦਾ। ਪਰ ਜੇ ਹਿਸਾਬ ਬੇ-ਹਿਸਾਬੀ ਦਾ ਮੇਰੇ ਗੁਰ ਨਾਨਕ ਨੇ, ਕਹੋ 'ਧੰਨ ਗੁਰ ਨਾਨਕ' 'ਧੰਨ ਗੁਰ ਨਾਨਕ' ਨੇ ਦਿਤਾ ਹੈ ਉਹ ਹੈ ਸਿੱਧਾਂ ਸਾਂਈਂ ਦੀ ਸ਼ਰਨ ਪੈ ਜਾਣਾ। ਉਸ ਦੇ ਗੁਣ ਗਾਇਨ ਵਿਚ ਲਗ ਜਾਣਾ, ਉਸ ਦੇ ਨਾਮ ਵਿਚ ਪੈ ਜਾਣਾ, ਉਸ ਦੇ ਪਿਆਰ ਦਾ ਜਾਗ ਪੈਣਾ। ਇਹ ਹੈ ਉਸ ਦੀ ਸ਼ਰਨ ਲੈਣੀ, ਚੰਬੜਨਾ ਨਾਮ ਨੂੰ, ਨਾਮ ਨੂੰ ਚੰਬੜਨਾ ਨਾਮੀ ਨੂੰ ਚੰਬੜਨਾ ਹੈ, ਨਾਮੀ ਨਾਲ ਚੰਬੜੇ ਨੂੰ ਕਉਣ ਤੋੜੇ। ਕਰਮ ਆਪੇ ਪਰੇ ਰਹਿ ਜਾਂਦੇ ਹਨ ਤੇ ਦਗਧ ਹੁੰਦੇ ਹੈਨ- ਗੁਰੂ ਬਾਬੇ ਦਾ ਆਸਾ ਰਾਗ ਵਿਚ ਫੁਰਮਾਣ ਹੈ:-

**ਲੋਕਾ ਮਤ ਕੋ ਫਕੜਿ ਪਾਇ॥**
**ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥** (ਆਸਾ:ਮ:੧-੩੨)

ਇਕ ਰਤੀ ਭਰ ਅੱਗ ਨਾਲ ਕਾਠ ਦੇ ਸੈਂਕੜੇ ਢੇਰ ਸੜ ਜਾਂਦੇ ਹਨ ਜਿਵੇਂ, ਤਿਵੇਂ ਨਾਮ ਤੇ ਨਾਮੀ ਤੋਂ ਪ੍ਰਾਪਤ ਹੋਈ ਮਿਹਰ ਪਾਪਾਂ ਦੇ ਮੜ੍ਹੇ ਸਾੜ ਘੱਤਦੀ ਹੈ, ਫੇਰ ਸਾਂਈਂ ਨਾਮ ਨਾਲ ਚੰਬੜਿਆ ਸਾਂਈਂ ਨੂੰ ਚੰਬੜ ਹੀ ਗਿਆ ਸਮਝੋ। ਕਹੋ ਧੰਨ ਗੁਰੂ ਨਾਨਕ!

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥** (ਜਪੁ ਜੀ)

ਅਜਾਰੇਦਾਰ ਤੇ ਭਉ ਪੈ ਗਿਆ ਸੀ, ਭਉ ਨੇ ਵੈਰਾਗ ਲਾ ਦਿੱਤਾ, ਰੁਖ਼ ਤੇ ਰਾਗ (ਪ੍ਰੇਮ) ਲਗ ਗਿਆ ਸਾਂਈਂ ਨਾਲ, ਲਗ ਪਿਆ ਨਾਮ ਵਿਚ ਤ੍ਰੁਟ ਕੇ ਤਨੋਂ ਮਨੋਂ, ਇਉਂ ਸਿਮਰਨ ਵਿਚ ਡੁੱਬਾ, ਸੁਆਸ ਕਰ ਗਿਆ ਪੂਰੇ, ਸੱਤਵੇਂ ਦਿਨ ਚਲ ਬਸਿਆ। ਹਾਂ ਡੁੱਬਾ ਹੋਇਆ ਗ਼ਰੀਬ ਤਰ ਨਿਕਲਿਆ-

**ਜੋ ਕੇ ਡੂਬੇ ਫਿਰਿ ਹੋਵੈ ਸਾਰ॥** (ਧਨਾ:ਮ:੧)

ਫੁਰਮਾਣ ਹੈ:-

**ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ॥**
**ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ॥੪॥੨੨॥**(ਅੰਗ-੨੨)

ਸਾਧ ਸੰਗਤ ਜੀ, ਇਸ ਤਰ੍ਹਾਂ ਗੁਰ ਨਾਨਕ ਦੇ ਸਾਧੂ ਦੇ ਪ੍ਰੇਮ ਨਾਲ ਅਨੇਕਾਂ ਲੋਕ ਭੈ ਸਾਗਰ ਤੋਂ ਤਰੇ। ਭਾਈ ! ਦੁਨੀਆਂ ਦੇ ਹਿਸਾਬ ਜੋ ਕਮ-ਅਕਲ ਸੀ, ਅਰਥਾਤ ਖਲ ਸੀ, ਮੂਰਖ ਸੀ, ਉਹ ਦੇਖੋ 'ਗੁਰ ਭੇਟਿ ਪੁਨੀਤਾ' ਨਾਲ ਇਲਾਹੀ ਅਕਲਾਂ ਵਿਚ ਕੀਕੂੰ ਦਾ ਚਤੁਰ ਹੋ ਗਿਆ। ਕਿਸ ਚਤੁਰਾਈ ਭਰੀ ਵਕੱਤ੍ਰਤਾ ਨਾਲ ਉਸ ਨੇ ਇਨ੍ਹਾਂ ਦੋ ਜੀਵਾਂ ਨੂੰ ਕਲਜਾਣ ਦੇ ਰਸਤੇ ਪਾਇਆ। ਤੇ ਹੋਰ ਅਨੇਕਾਂ ਨੂੰ ਜਿਨ੍ਹਾਂ ਦੇ ਹਾਲ ਲਿਖੇ ਯਾ ਰਵਾਇਤੀ ਸਾਡੇ ਤੱਕ ਨਹੀਂ ਅੱਪੜੇ, ਸੰਵਾਰਿਆ; ਹਾਂ, ਜੀਓ ਆਖੋ:-

**'ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ'**

ਸੰਤ ਕਿਹਾ ਕਰਦੇ ਸਨ ਕਿ ਸੋਮੇ ਨੂੰ ਗੁਰੂ ਜੀ ਨੇ ਫੇਰ ਕਰਤਾਰ ਪੁਰ ਸੱਦ ਲਿਆ ਤੇ 'ਭਾਈ ਸੋਮਾ' ਨਾਮ ਇਸ ਨਾਮੀ ਤੇ ਪਰਉਪਕਾਰੀ ਨੂੰ ਬਖਸ਼ਿਆ, ਇਸ ਗੁਰਸਿਖ ਦਾ ਜੀਵਨ ਜਪਦਿਆਂ ਜਪਾਉਂਦਿਆਂ ਸਫਲ ਹੋਇਆ। – ਚਲਦਾ

ਪਰਮਾਤਮਾ ਦੇ ਗੁਣ ਗਾਇਨ ਵਿਚ ਲਗ ਜਾਣਾ, ਉਸ ਦੇ ਨਾਮ ਵਿਚ ਪੈ ਜਾਣਾ, ਉਸ ਦੇ ਪਿਆਰ ਦਾ ਜਾਗ ਪੈਣਾ। ਇਹ ਹੈ ਉਸ ਦੀ ਸ਼ਰਨ ਲੈਣੀ, ਚੰਬੜਨਾ ਨਾਮ ਨੂੰ, ਨਾਮ ਨੂੰ ਚੰਬੜਨਾ ਨਾਮੀ ਨੂੰ ਚੰਬੜਨਾ ਹੈ, ਨਾਮੀ ਨਾਲ ਚੰਬੜੇ ਨੂੰ ਕਉਣ ਤੋੜੇ।

# Sikhs in Germany

❖ Swarn Singh Kahlon

INTRODUCTION

It is one of the important countries of Europe for Sikh migration not only because of large presence both of Sikhs and gurdwaras but also because Sikhs started migrating there from 1960s as students or as employees or for setting up businesses. Of course, the numbers were minuscule up to the early 1970s. Many immigrants to Europe in earlier times first headed for Germany from where they moved to other countries. The Sikh presence in Germany in terms of numbers is second only to Italy in Continental Europe but so far as the number of gurdwaras is concerned it is ahead of Italy. The decline of the USSR and the fall of Communism enabled Germany's unification in 1990. With the unification of the two German states, the country became Europe's most populous nation and strengthened its role as a key member of the European Union and of the continent's economic, political, and security organizations. Germany is Europe's most industrialized and populous country. In the twenty-first century, Germany is a great power with a strong economy; it has the world's 4th largest economy by nominal GDP, and the 5th largest by Purchasing Power Parity (PPP). As a global leader in several industrial and technological sectors, it is both the world's third largest exporter and importer of goods. A developed country with a very high standard of living, it upholds a social security and universal health care system, environmental protection, and a tuition-free university education. The Federal Republic of Germany was a founding member of the European Economic Community in 1957 and the European Union in 1993. It is part of the Schengen Area and became a co-founder of the Eurozone in 1999.

Famed for its technological achievements, it has also produced some of Europe's most celebrated composers, philosophers and poets. Germany's contribution to the world of classical music is undeniable. The excellence of its beer derives from the sixteenth-century *Reinheitsgebot*, the world's oldest food purity law. Germany's food culture is traditionally characterized by wholesome but hearty dishes, a vast array of sausages and excellent but calorific cakes.




Essen Gurdwara, Germany

HLC REPORT 2001

The Indian community at 35,000 is barely 0.04 per cent as a percentage of a population of 82 million. Of these, only 10,000 Indians are estimated to have acquired German citizenship, mainly due to restrictive citizenship laws. The majority of Indians emigrated in the 1960s and 1970s. There are places of worship for the Indian community in almost all major German cities. The NRI community is comprised primarily of technocrats, businessmen and nurses. In addition to the estimated 6,000 registered asylum seekers, around 2-3,000 illegal Indian immigrants may have entered Germany through Central Asia/East Europe.

Recently, noting the contribution of Indian IT experts to the American economic miracle, Germany has begun to actively woo high-tech Indian professionals with offers of attractive employment opportunities. A few Indians have also acquired political eminence. R. Gujjula, a doctor in Altlandsberg, holds the post of Mayor. Sebastian Edathy is a Member of the German Parliament from the ruling Social Democratic Party (SPD). Debashish Bhaduri, SPD, is a Municipal Councillor from Tiergarten Mitte Berlin. There is a rich independent legacy of studies on India in Germany. Indology Departments were set up in Bonn Uni versity in 1818 and later on in Humboldt University in 1821. 22 universities in Germany offer courses in Indology. There is an Indian Cultural Centre (ICC) in Berlin. The Gandhiserve E.K., also in Berlin, is devoted to the dissemination of information on Mahatma Gandhi (its President is Peter Ruhe).

INDIAN MIGRATION

The largest ethnic minority in Germany of more than two million migrants is from Turkey. Compared to this, the 110,204 Indians (43,175 people holding an Indian

Passport, and 67,029 with German passports)—source Wikipaedia (accessed March 2018), hardly matter. As far back as before World War I, some Indians students and freedom fighters had come to Germany. It was an attractive destination as it had no involvement in the colonization of India and its universities were famous. Soon after the end of WW II, students started coming again to Federal Republic of Germany, and a few also to the German Democratic Republic. Arising from the West German economic miracle there was a shortage of workers which made the government look for workers from other countries. A number of Christian women were recruited from Kerala to act as nurses. This phase lasted from 1955 to 1973 and ended with recruitment ban for foreign workers. The restrictive immigration policy from the 1970s onwards resulted in a considerable decrease of Indians coming to West Germany. Only spouses and some students were allowed to enter legally, all the others who wanted to come had to apply for asylum. In the 1980s many young Punjabis, most of them Sikhs sought entry into the country for political reasons. The major change though came in the year 2000 when the German Chancellor announced a 'Green Card' for IT specialists. In the following years many young Indian IT professionals came, some bringing their families along. As a consequence, the number of Indian citizens living in Germany went up substantially.

## SIKH MIGRATION

Sikhs continue to form a significant percentage within the Indian diaspora in Germany. Sikh population is estimated to be around 20,000–30,000 but some estimate the numbers to be as high as 50,000. **In either case Germany has the second largest Sikh population after Italy in Continental Europe**.

Sikhs started migrating to Germany post WWII for studies, through marriages or for setting up small businesses but the numbers were small. Post the 1979 Islamic revolution, some Sikhs came over from Iran. Till 1980 Indians could get visa on arrival. In the 1980s, hundreds of Punjabi Sikhs sought political asylum in Western Germany. Although the German authorities did not grant asylum to all the Indian applicants, the asylum seekers could at least stay as long as the legal procedures lasted. After the refusal of asylum they could stay on in 'Germany' only if they married 'German' spouses, or if they opted for an undocumented stay with constant danger of being uncovered and deported. A few of the Sikh asylum seekers were able to establish themselves in the skilled labour force but most of them were forced by their precarious legal status to do unskilled or semiskilled work. In the early 1990s many Sikhs came from Afghanistan as refugees arising from the Soviet invasion, and Taliban take over and the American military intervention post 9/11. They even founded an organization with the title the 'Zentralrat der Afghanischen Hindus and Sikhs in Deutschland e.V' (Central Council of Afghan Hindus and Sikhs in Germany). It is estimated that there are currently 7,000-10,000 Afghan Hindus and Sikhs living in Germany who run six temples and three gurdwaras. Presently family reunification remains the most important way to enter the country, but independent migration is not uncommon.

Most Sikhs live in western part of Germany, but communities can be found all over the country. Cologne, Stuttgart, Frank furt and Hamburg are the four cities with the largest Sikh population. Most of the earlier immigrants were unskilled or semi-skilled workers. The language barrier added to their disadvantage. As a result, most of them ended doing blue collar jobs in restaurant kitchens, factories, and on the agriculture fields, etc. White-collar Sikhs are in minority. However, many Sikhs today own businesses such as restaurants, fast foods, gas stations, grocery shops, textiles and import-export companies. Others run taxis and construction companies while many others are on salaried jobs. For the second-generation Sikhs with local educational qualifications, all areas of business, jobs or professions are available. They are also in a better position to integrate themselves as German Sikhs or Sikhs of Indian origin.

## GURDWARAS

There are 39 gurdwaras in Germany, four in Cologne; three in Hamburg; two each in Berlin, Hanover, and Stuttgart; one in Frankfurt, and in many other cities and towns. The first gurdwara was set up in 1979 in Frankfurt by Yogi Bhajan's followers (3HO)-Sikh converts. The next gurdwara by the Sikh immigrants was set up in Cologne in 1982. Sikhs in Germany are very devout and at the same time very generous as well, to donate for the gurdwaras that offers them a common religious, social and political platform. Under the umbrella of the gurdwaras, events like 'Kabaddi' and other sports can be seen here. 'Kabaddi' tournaments are held all over Germany and the teams from other German and European cities are invited. Several gurdwaras offer young Sikhs Punjabi & Gurmukhi classes. Every Sunday Sikh children in the age groups 5-12 years can be seen learning the language. Sikhism and German Sociology is also being taught in the gurdwaras. Occasionally some social camps on Sikhism are also hosted by the gurdwara in Frankfurt. Sometimes the Sikh children attend camps organized in other European cities. On Sundays, gurdwara become a playground for the children of all age groups.

## SOME INTERESTING EVENTS
## SIKHI CAMP, 2009

Sikhnet.com: Sikh Youngsters Mark an Accent in Germany, 8 December 2009

'Sikhi Camp 2009' was the first camp for German born Sikhs organized by Sikh youngsters who themselves grew up in Europe. Although the camp only lasted two days, the camp was an eye opener for the kids, who left the camp inspired, and with a fresh perspective. The sessions included icebreakers, team building games, sports, 'Gurbani Kirtan' (harmonium and 'tabla'), the importance of role models (the ten Gurus), an art workshop, self-defence, 'dastar' tying, soccer, question & answer sessions, and the animation film *Sundari*.

The organizer of the camp Khushwant Singh was 'more than satisfied with the outcome of the adventure'. Khushwant Singh has been teaching Sikhi in German and Panjabi to youngsters since the beginning of 2008. He also represents Sikhs in the newly constituted Council of Religions in Frankfurt. Just two days after the camp another important event took place. For the first time, Sikhs participated in a public inter religious celebration of the Council for Religions. Representatives of nine religions prayed according to their unique tradition.

## CASE STUDIES

### SWARAN SINGH

Interviewed on 9 July 2012, Koln (Cologne), Germany

Swaran Singh is from Kapurthala, Punjab who left India in 1979 at the age of 24 years. He first went to Norway where he stayed with his brother for a week. He then came to Kiel, Germany seeking political stay which was thought to be more feasible in Germany. He used to wear turban which he took off soon after arriving in Germany. He worked in restaurants. It took him six years to get temporary residence permit. Afterwards he went to Norway by car with a friend where he lived for one and half years. He applied for residence papers there but without success. He, thereafter went back to India in 1987 to get married and came back to Kiel, Germany after three months on a tourist visa. His wife joined him after a few months as a tourist. Both of them moved to Cologne in 1989 from where they applied for political asylum. They were blessed with a boy and a girl. Initially they could get visas for 5 months at a time only. Then they got permanent visa (offenthal) after nine years. He continued to work in restaurants. His son is 22 years and is not interested in pursuing studies as his passion is automobile mechanics for which he is seeking a job. His daughter is 20 years, who is pursuing a diploma course in medicine (three years study programme). Swaran Singh does 'sewa' in Gurdwara almost on daily basis. According to him, about 150-200 people come to Gurdwara on holidays (Sundays). There are four gurdwaras and one Sindhi temple with SGGS in Cologne. The 'sangat is almost 50 per cent with turban. Granthi's name is Daljit Singh. Earlier 'sangat size was 400-500 people but now they are spread out in four gurdwaras. The gurdwara's building construction was started in 1992: earlier on the gurdwara was in rented premises. There are quite a few Afghani Sikhs in Stuttgart, Essen, Munich and Hamburg. Afghani Sikhs keep the 'Sikhi Saroop' and are very regular in attending the gurdwara.

### SATPAL SINGH BHASIN

Interviewed on 9 July 2012, Koln (Cologne), Germany

I tried to go abroad in 1974 visiting Afghanistan, Iran and Doha but had to return. Thereafter, I got to know an influential person in Delhi, Khazaan Singh Chaudhary who introduced me to Balbir Singh who was having business in Germany. Balbir Singh was married to a German lady but he kept Indian passport for a long time (He must have migrated in late 1960s). I had been working with their Export House in Delhi and was posted for a few months in Yugoslavia where the main job was to participate in various exhibitions. Our stall was very popular and attracted a large number of visitors. Every evening we invited many prospective buyers for a meal. My job in India initially involved collections against sales. Soon I was put in-charge of sourcing textiles from India. Balbir Singh sponsored me to work for him in Germany in 1976. Initially I stayed as a paying guest.

Balbir Singh, specialized in Indian textiles, leather goods and handicrafts. He did extensive travelling to take part in exhibitions in various countries of Europe. He started to spend more time in Yugoslavia. Balbir Singh finally moved to Yugoslavia closing his business in Germany. He was travelling too much and his health deteriorated. He moved back to Germany where he tried to meet with his wife and son from whom he had been separated for 30-40 years. He died in 2011 in India. Prior to his death, he donated a lot of his wealth to the gurdwara.

He recommended me to his friend with whom I worked from 1979 to 1983 when his business closed. I tried to set up my own business but without success and was unemployed for one and half years. I was quite active in gurdwara and came to be known amongst the community. One Sikh helped me get married in 1982 to a Sikh lady (British passport). Our marriage was registered in Germany but 'Anand Karaj was in UK

*Sikh Scene:* The first gurdwara in Germany was built in 1982 in Cologne, Shri Dashmesh Singh Sabha.

Courtesy: *Sikhs in Continental Europe*

# 100 ਸਾਲ ਪਹਿਲਾਂ

**ਫਰਵਰੀ 3, 1921**

## ਗੁਰੂ ਕਾ ਬਾਗ਼

ਇਹ ਗੁਰਦਵਾਰਾ ਰਾਜਾ ਸਾਂਸੀ (ਜ਼ਿਲ੍ਹਾ ਅੰਮ੍ਰਿਤਸਰ) ਪਾਸ ਹੈ। ਇੱਥੇ ਇਕ ਉਦਾਸੀ ਸਾਧ ਰੈਂਹਦਾ ਹੈ। 31 ਜਨਵਰੀ ਨੂੰ ਖਾਲਸਾ ਜੀ ਦਾ ਜੱਥਾ ਉੱਥੇ ਅਪੜਿਆ, ਬੜੀਆਂ ਅਫ਼ਵਾਹਾਂ ਉੱਡ ਰਹੀਆਂ ਸਨ ਕਿ ਉਦਾਸੀ ਮਹਾਤਮਾਂ ਨੇ 100 ਆਦਮੀ ਛਵੀਆਂ ਵਾਲੇ ਸੱਦੇ ਹੋਏ ਹਨ, ਖਾਲਸਾ ਜੀ ਦੇ ਜੱਥੇ ਦੇ ਆਦਮੀ 20-25 ਗਏ ਦੱਸੀਦੇ ਹਨ। ਕਿਹਾ ਜਾਂਦਾ ਹੈ ਕਿ ਉਦਾਸੀ ਮਹੰਤ ਨੇ ਬਿਨਾ ਕਿਸੇ ਤਰ੍ਹਾਂ ਦੀ ਵਿਰੋਧਤਾ ਦੇ ਗੁਰਦਵਾਰਾ 7 ਆਦਮੀਆਂ ਦੀ ਕਮੇਟੀ ਦੇ ਹਵਾਲੇ ਕਰਨ, ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹੁਕਮਾਂ ਨੂੰ ਮੰਨਣ ਤੇ ਆਪ ਅੰਮ੍ਰਿਤ ਛਕ ਕੇ ਸਿੰਘ ਸਜਣ ਬਾਬਤ ਲਿਖਤ ਕਰ ਦਿੱਤੀ ਹੈ।

ਜੇ ਇਹ ਸ੍ਰੋਤ ਦਰੁਸਤ ਹੈ ਤਦ ਇਸ ਡੇਰੇ ਦੇ ਉਦਾਸੀ ਮਹਾਤਮਾਂ ਜੀ ਨੇ ਆਪਣੇ ਅਮਲ ਤੋਂ ਇਕ ਅਜਿਹਾ ਅੱਛਾ ਨਮੂਨਾ ਕਾਇਮ ਕਰਕੇ ਦੱਸਿਆ ਹੈ ਜੋ ਯਕੀਨਨ ਪੰਥ ਤੇ ਉਹਨਾਂ ਲਈ ਹਰ ਤਰਾਂ ਲਾਭਦਾਇਕ ਤੇ ਸੁਖਦਾਈ ਹੈ, ਤੇ ਬਾਕੀ ਅਸਥਾਨਾਂ ਦੇ ਸਥਾਨਾਂ-ਪਤੀਆਂ ਲਈ ਨੇਕ ਪੂਰਨੇ ਹਨ। ਜੇ ਗੁਰਦਵਾਰਿਆਂ ਦੇ ਮਹੰਤ ਆਪ ਹੀ ਸੁਧਾਰ ਕਰ ਲੈਣ ਤਾਂ ਕਿਹਾ ਅੱਛਾ ਕੰਮ ਹੈ।

## ਪੌੜਾਂ ਤੇ ਦੁਕਾਨਾਂ

ਸੰਤੋਖਸਰ ਦੇ ਉਪਰ ਦੀ ਢੱਠੀ ਹੋਈ ਇਕ ਦੁਕਾਨ (ਜਿਸਨੂੰ ਚੋਰਾਂ ਅੱਗ ਲਾ ਕੇ ਸਾੜ ਦਿੱਤਾ ਸੀ) ਨੂੰ ਨਵੇਂ ਸਿਰੇ ਬਣਾਣ ਲਈ ਜਦ ਦੁਕਾਨ ਦੇ ਮਾਲਕ ਨੀਂਹ ਪੁੱਟਣ ਲੱਗੇ ਤਦ ਦੀ-ਵਾਰ ਦੇ ਹੇਠ ਸੰਤੋਖਸਰ ਦੀ ਇਕ ਪੌੜ ਨਿੱਕਲ ਆਈ, ਜਿਸਦੇ ਵੇਖਣ ਤੋਂ ਪਤਾ ਲੱਗਦਾ ਹੈ ਕਿ ਇਸ ਦੁਕਾਨ ਤੇ ਇਸਦੀ ਕਤਾਰ ਵਾਲੀਆਂ ਸਾਰੀਆਂ ਦੁਕਾਨਾਂ ਦੇ ਹੇਠ ਇਹ ਪੌੜ ਬੇਖਸਮੀ ਸਮਝ ਦੁਕਾਨਦਾਰਾਂ ਲਈ ਹੋਈ ਹੈ।

ਇਸ ਪੌੜ ਨੂੰ ਖਾਲੀ ਕਰਾਣ ਦੇ ਮਾਮਲੇ ਤੇ ਵਿਚਾਰ ਕਰਨ ਲਈ ਸ਼ਹਿਰ ਵਾਸੀ ਸਿੰਘਾਂ ਦੇ ਦੋ ਤਿੰਨ ਇਕੱਠ ਹੋ ਚੁੱਕੇ ਹਨ। ਦੁਕਾਨ ਚੜ੍ਹਨੋਂ ਹਾਲੀ ਰੋਕੀ ਹੋਈ ਹੈ। ਅੱਜ ਵੀਰਵਾਰ ਕਈ ਹਜ਼ਾਰ ਮਾਈ ਭਾਈ ਇਸ ਪੌੜ ਨੂੰ ਵੇਖਣ ਗਏ, ਦੁਕਾਨਦਾਰਾਂ ਦੀ ਧੱਕੋਜ਼ੋਰੀ ਤੇ ਖਾਲਸੇ ਦੀ ਨੀਂਦ ਤੇ (ਜਿਸ ਦੇ ਕਾਰਨ ਇਹ ਥਾਂ ਥਾਂ ਤੇ ਨੁਕਸਾਨ ਉਠਾ ਰਹੇ ਹਨ) ਜਿੰਨਾਂ ਸ਼ੋਕ ਕੀਤਾ ਜਾਏ ਥੋੜਾ ਹੈ। ਇਸ ਮਾਮਲੇ ਦੀ ਗੁਰਦਵਾਰਿਆਂ ਦੀ ਸੈਂਟਰਲ ਕਮੇਟੀ ਪਾਸ ਰਪੋਟ ਅੱਪੜ ਪਈ ਹੈ, ਕਮੇਟੀ ਨੂੰ ਛੇਤੀ ਇੱਧਰ ਧਿਆਨ ਦੇਣਾ ਚਾਹੀਦਾ ਹੈ।

## ਸਰਦਾਰ ਸੁੰਦਰ ਸਿੰਘ ਜੀ ਮਜੀਠਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਹੋਣ ਵਾਲੇ ਪਵਿਤ੍ਰ ਦਿਨ ਨੂੰ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਪੈਣ ਪਿੱਛੋਂ ਸਰਦਾਰ ਚੰਦਾ ਸਿੰਘ ਜੀ ਨੇ ਪ੍ਰਗਟ ਕੀਤਾ ਕਿ ਸਰਦਾਰ ਸੁੰਦਰ ਸਿੰਘ ਮਜੀਠੀਆ ਨੂੰ ਸ਼ਹਨਸ਼ਾਹ ਨੇ ਬੜੀ ਕ੍ਰਿਪਾ ਕਰਕੇ ਪੰਜਾਬ ਦੀ ਐਗਜ਼ੈਕਟਿਵ ਕੌਂਸਲ ਦਾ ਮੈਂਬਰ ਥਾਪਿਆ ਹੈ, ਜਿਸ ਕਰਕੇ ਸਾਨੂੰ ਸਰਕਾਰ ਦਾ ਦਿਲੋਂ ਧੰਨਵਾਦ ਕਰਨਾ ਚਾਹੀਦਾ ਹੈ ਕਿ ਉਹਨਾਂ ਨੇ ਇਕ ਸਿੱਖ ਨੂੰ ਇਹ ਵਡਿਆਈ ਬਖ਼ਸ਼ੀ ਹੈ, ਸਰਦਾਰ ਸਾਹਿਬ ਹੈਨ ਇਸ ਯੋਗ ਕਿ ਉਹਨਾਂ ਨੂੰ ਇਸ ਉੱਚ ਪਦਵੀ ਉੱਪਰ ਅਸਥਾਪਨ ਕੀਤਾ ਜਾਂਦਾ। ਭਾਈ ਤੇਜਾ ਜੀ ਹਜ਼ੂਰੀਏ ਨੇ ਆਪ ਦੀ ਪ੍ਰੋੜਤਾ ਕਰਦੇ ਹੋਏ ਦਸਿਆ ਕਿ ਸਤਿਗੁਰੂ ਆਪਣੇ ਸੇਵਕਾਂ ਨੂੰ ਆਪ ਵਡਿਆਈਆਂ ਬਖ਼ਸ਼ਦਾ ਹੈ। ਮੈਂ ਸਰਦਾਰ ਸਹਿਬ ਨੂੰ ਵੀਹ ਕੁ ਵਰ੍ਹਿਆਂ ਤੋਂ ਜਾਣਦਾ ਹਾਂ, ਆਪ ਜੈਸਾ ਪਵਿੱਤ੍ਰ ਆਤਮਾਂ, ਧਰਮਾਤਮਾਂ, ਨੇਕ ਤੇ ਸੁਹਿਰਦ ਸੱਜਣ ਲੱਭਣਾ ਔਖਾ ਹੈ। ਰਾਜਸੀ ਕਾਰਜ ਕਰਨੇ ਆਪ ਦਾ ਖਾਨਦਾਨੀ ਫਖਰ ਹੈ, ਆਪ ਦੇ ਪਿਤਾ ਰਾਜਾ ਸੂਰਤ ਸਿੰਘ ਜੀ ਬਹਾਦਰ ਸਿੱਖ ਰਾਜ ਸਮੇਂ ਧੰਨ ਪੋਠੋਹਾਰ ਦੇ ਸੂਦਾਰ ਸਨ। ਸੋ ਗਵਰਨਮਿੰਟ ਨੇ ਏਹ ਚੋਣ ਬੜੀ ਯੋਗ ਕੀਤੀ ਹੈ। ਸਾਨੂੰ ਸਰਕਾਰ ਦਾ ਧੰਨਵਾਦ ਕਰਨਾ ਚਾਹੀਦਾ ਹੈ ਤੇ ਸਰਦਾਰ ਸਾਹਿਬ ਨੂੰ ਵਧਾਈ ਦੇਣੀ ਚਾਹੀਦੀ ਹੈ, ਇਹ ਰੈਜ਼ੋਲਯੋਸ਼ਨ ਸਰਵ ਸੰਮਤੀ ਨਾਲ ਪ੍ਰਵਾਨ ਹੋਇਆ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਏ ਗਏ।

ਦਾਸ- ਸਕੱਤ੍ਰ ਮੈਗਣ, ਜ਼ਿਲ੍ਹਾ ਜੇਹਲਮ

## ਬਗਦਾਦ ਵਿਚ ਕੱਤਕ ਪੂਰਨਮਾਸ਼ੀ ਦਾ ਗੁਰਪੁਰਬ

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸਵ ਮਨਾਉਣ ਲਈ ਰੇਲਵੇ ਕੈਂਪ ਬਗਦਾਦ ਵੈਸਟ ਵਿਖੇ ਖਾਲਸੇ ਜੀ ਦਾ ਵੱਡਾ ਭਾਰੀ ਦੀਵਾਨ ਹੋਇਆ। ਸਰਕਾਰ ਨੇ ਸੈਂਟ੍ਰਲ ਸਿੱਖ ਕਮੇਟੀ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਸਿਵਲ ਤੇ ਮਿਲਟਰੀ ਵਿਚ ਸਿੱਖਾਂ ਲਈ ਆਮ ਛੁੱਟੀ ਕਰ ਦਿੱਤੀ ਸੀ ਜਿਸ ਕਰਕੇ ਬਗਦਾਦ ਦੀ ਸਾਰੀ ਸੰਗਤ ਦੂਰ ਦੂਰ ਦੇ ਕੈਂਪਾਂ ਵਿਚੋਂ ਆ ਕੇ ਦੀਵਾਨ ਵਿਚ ਇਕੱਤ੍ਰ ਹੋਈ ਅਤੇ ਦੀਵਾਨ ਬਹੁਤ ਭਰਪੂਰ ਹੋ ਗਿਆ। ਸਾਰਾ ਦਿਨ ਕਥਾ ਕੀਰਤਨ ਦੇ ਵਖਿਆਨ ਹੁੰਦੇ ਰਹੇ, ਜਨਰਲ ਆਫੀਸਰ ਕਮਾਂਡਿੰਗ ਇਨ ਚੀਫ਼ ਨੇ ਇਸ ਦਿਨ ਦੀ ਖੁਸ਼ੀ ਵਿਚ ਖਾਲਸਾ ਜੀ ਨੂੰ ਵਧਾਈ ਘੱਲੀ, ਜਿਸਨੂੰ ਸਰਬੱਤ ਖਾਲਸਾ ਜੀ ਨੇ ਪ੍ਰਵਾਨ ਕਰਕੇ ਜਨਰਲ ਹੈਡ ਕਵਾਰਟਰ ਤੇ ਹਿਜ਼ ਐਕਸੀਲੈਂਸੀ ਦੇ ਹਾਈ ਕਮੀਸ਼ਨਰ ਬਗਦਾਦ ਦਾ ਸਿੱਖੀ ਨੂੰ ਆਪਨਾ ਧਾਰਮਿਕ ਦਿਨ ਮਨਾਉਣ ਲਈ ਆਮ ਛੁੱਟੀ ਕਰਨ ਵਜੋਂ ਧੰਨਵਾਦ ਦਾ ਗੁਰਮਤਾ ਪਾਸ ਕੀਤਾ। ਗੁਰੂ ਕਾ ਲੰਗਰ ਦੀਵਾਨ ਦੇ ਪ੍ਰਬੰਧਕਾਂ ਵੱਲੋਂ ਹੋਇਆ ਸੀ, ਅੰਮ੍ਰਿਤ ਪ੍ਰਚਾਰ ਵੀ ਹੋਇਆ, ਜਿਸ ਵਿਚ ਪੰਜਾਂ ਸਿੰਘਾਂ ਨੇ ਅੰਮ੍ਰਿਤ ਛਕਿਆ।

– ਦਾਸ ਜਗਤ ਸਿੰਘ ਸਕੱਤ੍ਰ, ਸੈਂਟਰਲ ਸਿੱਖ ਕਮੇਟੀ, ਬਗਦਾਦ

✧ ✧ ✧ ✧ ✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੩, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੧੨}

ਮੂਲ [ਵਡਹੰਸੁ ਮਹਲਾ ੪, ਛੰਤ ੩-੧੧] ਅਰਥ

## ਮੂਲ

ਵਡਹੰਸੁ ਮਹਲਾ ੪॥ ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ॥ ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ॥ ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ॥ ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ॥ ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ॥ ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ॥੧॥

ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ॥ ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ॥ ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ॥ ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ॥ ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ॥ ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ॥੨॥

ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ਰਾਮ॥ ਤਿਨ ਨਿਹਫਲੁ ਤਿਨ ਨਿਹਫਲੁ ਜਨਮੁ ਸਭੁ ਬ੍ਰਿਥਾ ਗਵਾਇਆ ਰਾਮ॥ ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ॥ ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ॥ ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ॥ ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ॥੩॥

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ਰਾਮ॥ ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ ਹਮ ਸਤਿਗੁਰ ਕਰਹ ਭਗਤੀ ਰਾਮ॥ ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ॥ ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ॥ ਕਹੁ ਨਾਨਕ ਗੁਰਿ ਨਾਮੁ ਦ੍ਰਿੜ੍ਹਾਇਆ ਹਰਿ ਹਰਿ ਨਾਮੁ ਹਰਿ ਸਤੀ॥ ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ॥੪॥੩॥

## ਅਰਥ

ਹਰੀ (ਦਾ ਰੂਪ) ਸਤਿਗੁਰੂ ਜੀ ਹਨ, ਹਰੀ ਨੇ (ਸਾਨੂੰ) ਸਤਿਗੁਰਾਂ ਨਾਲ ਮੇਲਿਆ ਹੈ, ਹੁਣ ਹੇ ਹਰੀ! ਸਤਿਗੁਰੂ ਦੇ ਚਰਣ ਸਾਨੂੰ ਭਾਉਂਦੇ ਹਨ। (ਉਸ ਗੁਰੂ ਦਾ ਗਿਆਨ (ਇਕ) ਸੁਰਮਾ (ਹੈ ਜੋ) ਗੁਰੂ ਨੇ (ਆਪ ਸਾਡੇ ਬੁੱਧੀ ਰੂਪੀ) ਨੇਤ੍ਰਾਂ ਵਿਚ ਪਾਇਆ। ਜਿਸ ਨਾਲ ਅਗਿਆਨ (ਰੂਪੀ) ਹਨੇਰਾ ਹਟ ਗਿਆ। (ਹਾਂ) ਗੁਰੂ ਦਾ ਗਜਾਨ (ਰੂਪੀ) ਸੁਰਮਾ ਸਤਿਗੁਰੂ ਨੇ ਪਾਇਆ (ਜਿਸ ਨਾਲ) ਅਗਜਾਨ ਦੇ ਹਨੇਰੇ ਦੂਰ ਹੋ ਗਏ। (ਐਉਂ) ਸਤਿਗੁਰੂ ਦੀ ਸੇਵਾ ਕਰਕੇ (ਅਸਾਂ) ਪਰਮ ਪਦ ਪਾ ਲਿਆ, (ਸੇਵਾ ਦੇ ਨਾਲ ਅਸਾਂ) ਵਾਹਿਗੁਰੂ ਨੂੰ ਸਾਸ ਗਿਰਾਸ ਜਪਿਆ। (ਸੋ ਸਮਝ ਲਓ ਕਿ) ਜਿਨ੍ਹਾਂ ਉਤੇ ਹਰੀ ਪ੍ਰਭੂ ਨੇ ਕਿਰਪਾ ਕੀਤੀ ਓਨ੍ਹਾਂ ਨੂੰ ਸਤਿਗੁਰੂ ਦੀ ਸੇਵਾ ਵਿਚ ਲਾ ਦਿਤਾ। (ਜਿਵੇਂ ਕਿ ਅਸਾਂ ਦੱਸਿਆ ਹੈ ਕਿ) ਹਰੀ (ਆਪ) ਸਤਿਗੁਰੂ ਹੈ, ਉਸ ਹਰੀ ਨੇ ਸਾਨੂੰ ਸਤਿਗੁਰੂ ਮੇਲਿਆ (ਤਦ ਤੌਂ) ਸਾਨੂੰ ਹਰੀ ਰੂਪ ਸਤਿਗੁਰੂ ਦੇ ਚਰਣ ਪਿਆਰੇ ਲਗ ਰਹੇ ਹਨ॥੧॥

(ਉਹ ਹਰੀ ਦਾ ਮੈਨੂੰ ਮੇਲਿਆ) ਮੇਰਾ ਸਤਿਗੁਰੂ ਮੇਰਾ ਸਤਿਗੁਰੂ (ਮੈਨੂੰ) ਪਿਆਰਾ (ਲਗ ਰਿਹਾ ਹੈ, ਐਨਾਂ ਕਿ ਹੁਣ ਮੈਥੋਂ) ਗੁਰੂ ਬਿਨਾ ਰਿਹਾ ਨਹੀਂ ਜਾਂਦਾ। (ਉਹ ਦਾਤਾ) ਹਰੀ ਨਾਮ ਹੀ ਹਰੀ ਨਾਮ ਦੇ ਰਿਹਾ ਹੈ (ਜੋ ਨਾਮ ਹੀ ਕਿ) ਮੇਰਾ ਅੰਤ (ਸਮੇਂ ਬੀ) ਸਹਾਈ (ਹੋਵੇਗਾ)। (ਕਿਉਂਕਿ ਉਸ) ਗੁਰੂ ਨੇ (ਉਸ) ਸਤਿਗੁਰੂ ਨੇ ਨਾਮ ਮੈਨੂੰ (ਐਸਾ) ਦ੍ਰਿੜ (ਪੱਕਾ) ਕਰਾ ਦਿਤਾ ਹੈ (ਕਿ ਭਰੋਸਾ ਬੱਝ ਗਿਆ ਹੈ ਕਿ) ਹਰੀ ਹਰਿ ਨਾਮ ਹੀ ਮੇਰਾ ਅੰਤ ਸਮੇਂ ਸਹਾਈ ਹੋਵੇਗਾ। (ਸੋ ਸਮਝ ਲਓ ਸਿੱਖੋ! ਕਿ) ਜਿਥੇ ਪੁਤ੍ਰ ਇਸਤ੍ਰੀ ਕੋਈ (ਤੁਹਾਡਾ) ਬੇਲੀ ਨਹੀਂ ਬਣਨਾ, ਉਥੇ ਹਰੀ ਹਰਿ ਨਾਮ ਨੇ (ਤੁਹਾਨੂੰ) ਛੁਡਾ ਲੈਣਾ ਹੈ। ਧੰਨ ਹੈ ਧੰਨ ਹੈ ਮਾਇਆ ਤੋਂ ਰਹਿਤ ਪੁਰਖ ਸਤਿਗੁਰੂ ਜਿਸ ਨੂੰ ਮਿਲਕੇ ਹਰਿ ਨਾਮ ਧਿਆਈਦਾ ਹੈ। ਮੇਰਾ ਸਤਿਗੁਰੂ ਮੇਰਾ ਪਿਆਰਾ ਸਤਿਗੁਰੂ (ਮੈਨੂੰ) ਪਿਆਰਾ (ਲਗ ਰਿਹਾ ਹੈ ਐਨਾ ਕਿ ਹੁਣ ਮੈਥੋਂ) ਗੁਰੂ ਬਿਨਾ ਰਿਹਾ ਨਹੀਂ ਜਾਂਦਾ॥੨॥

ਜਿਨ੍ਹਾਂ ਨੇ (ਉਸ) ਸਤਿ ਪੁਰਖ ਗੁਰੂ ਦਾ ਦਰਸ਼ਨ, ਹਾਂ ਜਿਨ੍ਹਾਂ ਨੇ ਦਰਸ਼ਨ ਨਹੀਂ ਪਾਇਆ, ਉਹਨਾਂ ਨੇ (ਅਪਣਾ) ਜਨਮ ਨਿਹਫਲ (ਹਾਂ) ਉਨ੍ਹਾਂ ਨੇ ਨਿਹਫਲ ਸਾਰਾ ਹੀ ਬਿਰਥਾ ਗੁਆ ਲਿਆ ਹੈ। ਉਹਨਾਂ ਨੇ (ਅਪਣਾ) ਅਫੱਲ ਜਨਮ ਬਿਰਥਾ (ਹੀ) ਗੁਆ ਲਿਆ, ਓਹ ਸਾਕਤ ਮਰ ਗਏ ਤੇ ਮਰਕੇ ਪਛੁਤਾਏ। (ਕਿਉਂਕਿ ਜੀਉਂਦੇ ਜੀ ਓਹ) ਭਾਗਹੀਣੇ ਹਰੀ ਤੋਂ ਦੂਰ ਰਹੇ, (ਐਉਂ ਸਮਝੋ ਕਿ) ਘਰ ਵਿਚ ਰਤਨ ਪਦਾਰਥ ਦੇ ਹੁੰਦਿਆਂ ਸੁੰਦਿਆਂ ਭੁੱਖੇ ਰਹੇ। ਹੇ ਹਰੀ! ਹੇ ਹਰੀ! ਉਹਨਾਂ ਦਾ ਦਰਸ਼ਨ (ਮੈਨੂੰ ਨਾ) ਕਰਾਈਓ ਜਿਨ੍ਹਾਂ ਨੇ ਦਰਸ਼ਨ (ਹਾਂ) ਜਿਨ੍ਹਾਂ ਨੇ ਸਤਿਗੁਰ ਪੁਰਖ ਦਾ ਦਰਸ਼ਨ ਨਹੀ ਪਾਇਆ (ਉਹਨਾ ਦੇ ਦਰਸ਼ਨ ਵੀ ਨਾ ਕਰਾਈਓ॥੩॥

ਅਸੀਂ ਚਾਤ੍ਰਿਕ ਹਾਂ, ਅਸੀਂ ਗ਼ਰੀਬ ਚਾਤ੍ਰਿਕ ਹਾਂ (ਸਾਡੀ) ਹਰੀ ਪਾਸ ਬੇਨਤੀ ਹੈ (ਕਿ) ਮੇਰਾ ਪਿਆਰਾ ਗੁਰੂ ਮੈਨੂੰ ਮੇਲ (ਹਾਂ ਗੁਰੂ ਮੈਨੂੰ ਦੇਹ ਵਿਚ ਫੇਰ) ਆ ਮਿਲੇ, ਅਸੀਂ ਸਤਿਗੁਰੂ ਦੀ ਭਗਤੀ ਕਰੀਏ (ਭਾਵ ਸੇਵਾ ਕਰੀਏ)। ਹੇ ਹਰੀ! ਹੇ ਹਰੀ! (ਅਸੀਂ) ਸਤਿਗੁਰ ਦੀ ਭਗਤੀ ਕਰਾਂਗੇ ਜਦੋਂ ਹਰੀ ਪ੍ਰਭੂ ਕਿਰਪਾ ਕਰੇ ਤਾਂ। ਮੇਰਾ ਗੁਰੂ ਤੋਂ ਬਿਨਾਂ ਹੋਰ ਕੋਈ ਬੇਲੀ ਨਹੀਂ, ਗੁਰੂ ਸਤਿਗੁਰੂ ਸਾਡੇ ਪ੍ਰਾਣ (=ਜਿੰਦ) ਹੈ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਗੁਰੂ ਨੇ (ਸਾਨੂੰ ਸਦਾ) ਸਤਜ (ਸਰੂਪ) ਹਰੀ ਦਾ ਹਰੀ ਹਰੀ ਨਾਮ ਦ੍ਰਿੜ ਕਰਾਇਆ ਹੈ। ਅਸੀਂ ਚਾਤ੍ਰਿਕ ਹਾਂ, ਅਸੀਂ ਗਰੀਬ ਚਾਤ੍ਰਿਕ ਹਾਂ ਹਰੀ ਦੇ ਪਾਸ ਸਾਡੀ (ਉਪਰ ਕਹੀ) ਅਰਦਾਸ ਹੈ॥੪॥੩॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਆਸਟ੍ਰੇਲੀਅਨ ਹਵਾਈ ਫੌਜ 'ਚ ਸਿੱਖ ਨੌਜਵਾਨ ਦੀ ਮਿਸ਼ਨ ਅਫ਼ਸਰ ਵਜੋਂ ਨਿਯੁਕਤੀ



ਪੰਜਾਬ ਦੇ ਜ਼ਿਲਾ ਫਿਰੋਜ਼ਪੁਰ ਨਾਲ ਸੰਬੰਧਿਤ 16 ਸਾਲ ਦੇ ਸਿਮਰਨ ਸਿੰਘ ਸੰਧੂ ਪੂਰੇ ਸਿੱਖ ਭਾਈਚਾਰੇ ਤੇ ਭਾਰਤ ਲਈ ਮਾਣ ਦਾ ਵਿਸ਼ਾ ਹਨ ਜੋ ਰਾਇਲ ਐਰੋ ਕਲੱਬ, ਪਰਥ ਤੋਂ ਸਿਖਲਾਈ ਹਾਸਲ ਕਰਨ ਮਗਰੋਂ ਆਸਟ੍ਰੇਲੀਅਨ ਹਵਾਈ ਫੌਜ ਵਿਚ ਬਤੌਰ ਮਿਸ਼ਨ ਅਫ਼ਸਰ ਨਿਯੁਕਤ ਹੋਏ ਹਨ। ਸਿਮਰਨ ਸਿੰਘ ਸੰਧੂ ਨੂੰ ਫੌਜ ਦੇ ਹੈਡਕੁਆਰਟਰ ਵਲੋਂ ਆਨ-ਜਾਬ ਸਿਖਲਾਈ ਲਈ ਤਿੰਨ ਸਾਲ ਟੈਕਨਾਲੋਜੀ ਡਿਗਰੀ ਪ੍ਰੋਗਰਾਮ ਤਹਿਤ ਕੈਨਬਰਾ ਭੇਜਿਆ ਜਾਵੇਗਾ। ਸਿਮਰਨ ਸਿੰਘ ਸੰਧੂ ਦੇ ਪਿਤਾ ਹਰਪਾਲ ਸਿੰਘ ਸੰਧੂ ਆਪਣੇ ਪਰਿਵਾਰ ਨਾਲ 2008 ਵਿਚ ਪੰਜਾਬ ਦੇ ਜ਼ਿਲਾ ਫਿਰੋਜ਼ਪੁਰ ਤੋਂ ਆਸਟ੍ਰੇਲੀਆ ਦੇ ਸ਼ਹਿਰ ਪਰਥ ਆਏ ਸਨ।




**ਰਾਜਪਥ ਤੇ 72ਵੇਂ ਗਣਤੰਤਰ ਦਿਵਸ ਪਰੇਡ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਦੀ ਝਾਂਕੀ।**

# Dr. N. S. Kapany and S.Tarlochan Singh among this year's Padma Awardees

New Delhi, January, 26 : According to the notification released by Ministry of Home Affairs, Former Japanese Prime Minister Shinzo Abe (the longest-serving prime minister in Japanese history), eminent spiritual leader Maulana Wahiduddin Khan, late Dr.N.S.Kapany, known as Father of Fibre Optics, and eminent personality in Public Affairs, S.Tarlochan Singh, Former MP and Former Chairman of National Commission for Minorities are among the Padma Awardees of this year.



S. Tarlochan Singh seen with S. Hardeep Singh Puri, and others during Bhai Vir Singh's Birthday Celebration in December, 2017.



Dr.N.S.Kapany being honoured by Mrs. Gursharan Kaur during Bhai Vir Singh's Birthday Celebration in December, 2015.